ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 12 ਮਾਰਚ 2026 (ਨਾਨਕਸ਼ਾਹੀ ਸੰਮਤ : ੫੫੭, ੨੯ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਇਰਾਨ ਨੇ ਇਜ਼ਰਾਈਲ ’ਤੇ ਸੁੱਟਿਆ 500 ਕਿਲੋ ਦਾ ਬੰਬ

**ਯੇਰੂਸ਼ਲਮ/ਤੇਹਰਾਨ, 11 ਮਾਰਚ (ਆਵਾਜ਼ਿ ਕੌਮ ਬਿਊਰੋ)**-ਇਰਾਨ ਅਤੇ ਇਜ਼ਰਾਈਲ ਵਿਚਕਾਰ ਵਧਦੇ ਤਣਾਅ ਦੇ ਦੌਰਾਨ ਇੱਕ ਵੱਡੀ ਖਬਰ ਸਾਹਮਣੇ ਆਈ ਹੈ, ਜਿੱਥੇ ਇਰਾਨ ਵੱਲੋਂ ਇਜ਼ਰਾਈਲ ਉੱਤੇ 500 ਕਿਲੋਗ੍ਰਾਮ ਵਜ਼ਨੀ ਇੱਕ ਸ਼ਕਤੀਸ਼ਾਲੀ ਬੰਬ ਸੁੱਟਿਆ ਗਿਆ ਹੈ। ਇਸ ਹਮਲੇ ਨੇ ਇਜ਼ਰਾਈਲ ਦੇ ਸੁਰੱਖਿਆ ਹਲਕਿਆਂ ਵਿੱਚ ਭਾਰੀ ਚਿੰਤਾ ਪੈਦਾ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਬੰਬ ਇੰਨਾ ਸ਼ਕਤੀਸ਼ਾਲੀ ਸੀ ਕਿ ਇਸ ਨਾਲ ਨਿਸ਼ਾਨੇ ਵਾਲੀ ਥਾਂ ’ਤੇ ਭਾਰੀ ਤਬਾਹੀ ਹੋਈ ਹੈ। ਧਮਾਕੇ ਕਾਰਨ ਨਾ ਸਿਰਫ਼ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ, ਸਗੋਂ ਆਲੇ-ਦੁਆਲੇ ਖੜ੍ਹੀਆਂ ਕਈ ਕਾਰਾਂ ਅਤੇ ਵਾਹਨ ਵੀ ਪੂਰੀ ਤਰ੍ਹਾਂ ਨਾਲ ਤਬਾਹ ਹੋ ਗਏ ਹਨ। ਮੌਕੇ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ, 500 ਕਿਲੋ ਵਿਸਫੋਟਕ ਸਮੱਗਰੀ ਦੇ ਫਟਣ ਨਾਲ ਹਰ ਪਾਸੇ ਮਲਬਾ ਖਿੱਲਰ ਗਿਆ ਅਤੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਇਸ ਹਮਲੇ ਤੋਂ ਬਾਅਦ ਮਾਹਰਾਂ ਦਾ ਮੰਨਣਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਹੈ। ਇਜ਼ਰਾਈਲ ਵੱਲੋਂ ਇਸ ਹਮਲੇ ਦਾ ਜਵਾਬ ਦੇਣ ਦੀਆਂ ਸੰਭਾਵਨਾਵਾਂ ਦੇ ਮੱਦੇਨਜ਼ਰ ਖੇਤਰ ਵਿੱਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਫਿਲਹਾਲ, ਇਸ ਧਮਾਕੇ ਵਿੱਚ ਹੋਏ ਜਾਨੀ ਨੁਕਸਾਨ ਬਾਰੇ ਪੁਸ਼ਟੀ ਕੀਤੀ ਜਾ ਰਹੀ ਹੈ, ਪਰ ਮਾਲੀ ਨੁਕਸਾਨ ਬਹੁਤ ਜ਼ਿਆਦਾ ਦੱਸਿਆ ਜਾ ਰਿਹਾ ਹੈ।

## ਪੂਰੇ ਇੰਡੀਆ ’ਚ ਐਲ. ਪੀ. ਜੀ. ਸਿਲੰਡਰਾਂ ਲਈ ਮਚੀ ਹਾਹਾਕਾਰ !

# ਸਰਕਾਰ ਵੱਲੋਂ ‘ਫ਼ਿਕਰ ਨਾ ਕਰਨ’ ਦੀ ਸਲਾਹ

**ਚੰਡੀਗੜ੍ਹ, 11 ਮਾਰਚ (ਆਵਾਜ਼ਿ ਕੌਮ ਬਿਊਰੋ)**-ਇਜ਼ਰਾਈਲ-ਇਰਾਨ ਜੰਗ ਕਾਰਨ ਦੁਨੀਆ ਭਰ ਵਿਚ ਤੇਲ ਤੇ ਗੈਸ ਦੀ ਸਪਲਾਈ ਪ੍ਰਭਾਵਿਤ ਹੋਈ ਹੈ, ਜਿਸ ਦਾ ਅਸਰ ਪੰਜਾਬ ਵਿਚ ਵੀ ਦਿਸਣਾ ਸ਼ੁਰੂ ਹੋ ਗਿਆ ਹੈ। ਪੰਜਾਬ ਦੇ ਉਦਯੋਗਿਕ ਸ਼ਹਿਰ ਲੁਧਿਆਣਾ ਵਿਚ ਘਰੇਲੂ ਗੈਸ ਸਿਲੰਡਰਾਂ ਦੀ ਭਾਰੀ ਕਿੱਲਤ ਹੋਣ ਕਾਰਨ ਹਾਹਾਕਾਰ ਮਚੀ ਹੋਈ ਹੈ, ਹਾਲਾਤ ਇਹ ਬਣੇ ਹੋਏ ਹਨ ਕਿ ਸਵੇਰੇ 9 ਵਜੇ ਹੀ ਗੈਸ ਏਜੰਸੀਆਂ ਦੇ ਦਫ਼ਤਰਾਂ ਵਿਚ ਗੈਸ ਸਿਲੰਡਰ ਭਰਵਾਉਣ ਲਈ ਲੋਕਾਂ ਦੀ ਭੀੜ ਇਕੱਠੀ ਹੋਣ ਲੱਗ ਪਈ ਹੈ ਤੇ ਲੰਮੀਆਂ ਲਾਈਨਾਂ ਲੱਗਣ ਲੱਗ ਪਈਆਂ ਹਨ।



ਅਜਿਹੇ ਵਿਚ ਜਿੱਥੇ ਆਮ ਲੋਕਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਹੀ ਕੰਪਨੀਆਂ ਵੱਲੋਂ ਗੈਸ ਏਜੰਸੀਆਂ ਨੂੰ ਸਿਲੰਡਰਾਂ ਦੀ ਪੂਰੀ ਸਪਲਾਈ ਨਾ ਦਿੱਤੇ ਜਾਣ ਕਾਰਨ ਡੀਲਰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਹਨ। ਦੂਜੇ ਪਾਸੇ ਗੈਸ ਕੰਪਨੀਆਂ ਵੱਲੋਂ ਇਕ ਸਿਲੰਡਰ ਲੈਣ ਤੋਂ ਬਾਅਦ 25 ਦਿਨ ਤੋਂ ਪਹਿਲਾਂ ਉਪਭੋਗਤਾਵਾਂ ਨੂੰ ਬੁਕਿੰਗ ਨਾ ਕਰਨ ਦਾ ਫ਼ੈਸਲਾ ਲਿਆ ਗਿਆ ਸੀ ਤੇ ਪਹੁਣ ਬੁਕਿੰਗ ਹੋਈ ਵੀ ਹੈ ਜਾਂ ਨਹੀਂ, ਇਸ ਗੱਲ ਦਾ ਵੀ ਕੋਈ ਜਵਾਬ ਨਹੀਂ ਮਿਲ ਰਿਹਾ। ਸੌਖੇ ਸ਼ਬਦਾਂ ਵਿਚ ਕਹੀਏ ਤਾਂ ਕੰਪਨੀ ਵੱਲੋਂ ਬੰਦ ਕੀਤੇ ਗਏ ਸਿਸਟਮ ਨੇ ਲੋਕਾਂ ਦੀ ਪਰੇਸ਼ਾਨੀ ਵਿਚ ਹੋਰ ਵਾਧਾ ਕੀਤਾ ਹੈ।

ਕੇਂਦਰੀ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰਾਲੇ ਵੱਲੋਂ ਬੰਦ ਕੀਤੀ ਗਈ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਕਾਰਨ ਜਿਨ੍ਹਾਂ ਘਰਾਂ ਵਿਚ ਵਿਆਹਾਂ ਦੀਆਂ ਸ਼ਿਹਨਾਈਆਂ ਵੱਜਣੀਆਂ ਹਨ, ਉਨ੍ਹਾਂ ਪਰਿਵਾਰਾਂ ਵੱਲੋਂ ਰੱਖੇ ਪ੍ਰੋਗਰਾਮਾਂ ਦਾ ਮਜ਼ਾ ਵੀ ਫਿੱਕਾ ਹੋਣ ਲੱਗ ਪਿਆ ਹੈ। ਬਾਜ਼ਾਰ ਵਿਚ ਗੈਸ ਸਿਲੰਡਰ ਨਾ ਮਿਲਣ ਕਾਰਨ ਫੰਕਸ਼ਨ ਕਰਵਾਉਣ ਵਾਲੇ ਤੇ ਹਲਵਾਈ ਘਰ ਵਿਚ ਆਉਣ ਵਾਲੇ ਮਹਿਮਾਨਾਂ ਲਈ ਪਕਵਾਨ ਬਣਾਉਣ ਤੋਂ ਬੇਬਸੀ ਦਿਖਾ ਰਹੇ ਹਨ। ਅਜਿਹੇ ਵਿਚ ਆਉਣ ਵਾਲੇ ਦਿਨਾਂ ਵਿਚ ਸ਼ਹਿਰ ਵਿਚ ਹੋਣ ਵਾਲੇ ਵਿਆਹਾਂ ਦੇ ਵੱਡੇ ਫੰਕਸ਼ਨਾਂ ਦੌਰਾਨ ਗੈਸ ਸਿਲੰਡਰਾਂ ਦੀ ਸਪਲਾਈ ਨਾ ਮਿਲਣ ਦੀ ਸੰਭਾਵਨਾ ਨੂੰ ਵੇਖਦਿਆਂ ਮੈਰਿਜ ਪੈਲਸਾਂ ਦੇ ਸੰਚਾਲਕ ਮੁਸੀਬਤਾਂ ਵਿਚ ਫੱਸ ਗਏ ਹਨ।

## ਬਲੈਕ ’ਚ 3000 ਹਜ਼ਾਰ ਰੁਪਏ ਤਕ ਪਹੁੰਚੀ ਕਮਰਸ਼ੀਅਲ ਸਿਲੰਡਰ ਦੀ ਕੀਮਤ: ਸੂਤਰ

ਦੂਜੇ ਪਾਸੇ ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਬਿਲਕੁੱਲ ਠੱਪ ਪੈਣ ਕਾਰਨ ਸ਼ਹਿਰ ਦੇ ਜ਼ਿਆਦਾਤਰ ਹੋਟਲ ਰੈਸਟੋਰੈਂਟ ਤੇ ਢਾਬਿਆਂ ਦਾ ਕਾਰੋਬਾਰ ਪੂਰੀ ਤਰ੍ਹਾਂ ਠੱਪ ਹੋ ਕੇ ਰਹਿ ਗਿਆ ਹੈ। ਜ਼ਿਆਦਾਤਰ ਹੋਟਲ, ਰੈਸਟੋਰੈਂਟ ਤੇ ਢਾਬੇ ਜਾਂ ਤਾਂ ਬੰਦ ਹੋ ਗਏ ਹਨ ਜਾਂ ਫ਼ਿਰ ਬੰਦ ਹੋਣ ਦੇ ਕੰਢੇ ਆ ਗਏ ਹਨ। ਇਸ ਕਾਰਨ ਘਰੇਲੂ ਤੇ ਕਰਮਸ਼ੀਅਲ ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਭਰੋਸੇਯੋਗ ਸੂਤਰਾਂ ਮੁਤਾਬਕ, ਜ਼ਿਆਦਾਤਰ ਢਾਬਾ ਮਾਲਕ ਆਪਣਾ ਕਾਰੋਬਾਰ ਚਲਾਉਣ ਲਈ 19 ਕਿੱਲੋ ਦਾ 1800 ਰੁਪਏ ਵਾਲਾ ਕਮਰਸ਼ੀਅਲ ਸਿਲੰਡਰ 2800 ਤੋਂ 3000 ਰੁਪਏ ਤਕ ਬਲੈਕ ਵਿਚ ਖਰੀਦਣ ਨੂੰ ਮਜਬੂਰ ਹੋ ਗਏ ਹਨ। ਇਹ ਗੱਲ ਵੀ ਵੇਖਣ ਵਿਚ ਆਈ ਹੈ ਕਿ ਗੈਸ ਕੰਪਨੀਆਂ ਆਪ ਹੀ ਸਥਿਤੀ ਨੂੰ ਪੂਰੀ ਤਰ੍ਹਾਂ ਨਾਲ ਪੈਨਿਕ ਬਣਾ ਰਹੀਆਂ ਹਨ, ਕਿਉਂਕਿ ਉਪਭੋਗਤਾਵਾਂ ਵੱਲੋਂ ਮੋਬਾਈਲ ਫ਼ੋਨ ਤੋਂ ਸਿਲੰਡਰਾਂ ਦੀ ਕਰਵਾਈ ਜਾ ਰਹੀ ਬੁਕਿੰਗ ਸਬੰਧੀ ਕੋਈ ਮੈਸੇਜ ਤਕ ਨਾ ਮਿਲਣ ਕਾਰਨ ਗੁੱਸੇ ਵਿਚ ਭੜਕੇ ਜ਼ਿਆਦਾਤਰ ਘਰੇਲੂ ਉਪਭੋਗਤਾ ਗੈਸ ਏਜੰਸੀਆਂ ਦੇ ਦਫ਼ਤਰਾਂ ਵਿਚ ਜਾ ਕੇ ਏਜੰਸੀ ਮਾਲਕਾਂ ਨੂੰ ਕਸੂਰਵਾਰ ਮੰਨਦੇ ਹੋਏ ਉਨ੍ਹਾਂ ਨਾਲ ਬਹਿਸਬਾਜ਼ੀ ਕਰ ਰਹੇ ਹਨ ਜਾਂ ਫ਼ਿਰ ਸਿਰਫ਼ ਪੈਸਿਆਂ ਦਾ ਜੁਗਾੜ ਲਗਾ ਕੇ ਸਿਲੰਡਰਾਂ ਦੀ ਸਪਲਾਈ ਮੰਗ ਰਹੇ ਹਨ। ਅਜਿਹੇ ਦੋਹਾਂ ਹਾਲਾਤ ਵਿਚ ਗੈਸ ਏਜੰਸੀ ਮਾਲਕਾਂ ਦੀਆਂ ਦਿੱਕਤਾਂ ਵੀ ਅਚਾਨਕ ਵੱਧ ਗਈਆਂ ਹਨ। ਕਮਰਸ਼ੀਅਲ ਗੈਸ ਸਿਲੰਡਰਾਂ ਦੀ ਸਪਲਾਈ ਬੰਦ ਹੋਣ ਕਾਰਨ ਉਦਯੋਗਿਕ ਨਗਰ ਲੁਧਿਆਣਾ ਦੀ 80 ਫ਼ੀਸਦੀ ਤੋਂ ਵੱਧ ਇੰਡਸਟਰੀ ਦਾ ਕਾਰੋਬਾਰ ਪੂਰੀ ਤਰ੍ਹਾਂ ਠੱਪ ਪੈ ਗਿਆ ਹੈ। ਹਾਲਾਤ ਇਹ ਬਣੇ ਹੋਏ ਹਨ ਕਿ ਇੰਡਸਟਰੀਆਂ ਦੇ ਮਾਲਕਾਂ ਨੂੰ ਬਾਜ਼ਾਰ ਤੋਂ ਗੈਸ ਦੀ ਸਪਲਾਈ ਨਾ ਮਿਲਣ ਕਾਰਨ ਜ਼ਿਆਦਾਤਰ ਫੈਕਟਰੀਆਂ ਤੇ ਉਦਯੋਗਿਕ ਘਰਾਣਿਆਂ ਦੇ ਮੁੱਖ ਐਂਟਰੀ ਗੇਟਾਂ ’ਤੇ ਤਾਲੇ ਲੱਗਣ ਦੀ ਨੌਬਤ ਖੜ੍ਹੀ ਹੋ ਗਈ ਹੈ। ਉੱਥੇ ਹੀ ਕਈ ਇੰਡਸਟਰੀਆਂ ਦੇ ਮਾਲਕ ਗੈਸ ’ਤੇ ਚੱਲ ਰਹੀਆਂ ਮਸ਼ੀਨਾਂ ਨੂੰ ਡੀਜ਼ਲ ’ਤੇ ਕਨਵਰਟ ਕਰਨ ਦਾ ਬਦਲ ਲੱਭ ਰਹੀਆਂ ਹਨ, ਤਾਂ ਜੋ ਕਿਸੇ ਵੀ ਤਰ੍ਹਾਂ ਨਾਲ ਜੁਗਾੜ ਲਗਾ ਕੇ ਆਪਣਾ ਕਾਰੋਬਾਰ ਠੱਪ ਹੋਣ ਤੋਂ ਬਚਾਇਆ ਜਾ ਸਕੇ। ਉੱਥੇ ਹੀ ਕਰਮਸ਼ੀਅਲ ਗੈਸ ਦੇ ਕਾਰਨ ਪੈਦਾ ਹੋਏ ਸੰਕਟ ਤੋਂ ਮਹਾਨਗਰ ਦੀ ਇੰਡਸਟਰੀ ਵਿਚ ਬੇਰੋਜ਼ਗਾਰੀ ਦੇ ਸੰਘਣੇ ਬੱਦਲ ਮੰਡਰਾਉਣ ਦੀ ਸੰਭਾਵਨਾ ਵੀ ਤੇਜ਼ੀ ਨਾਲ ਵਧਣ ਲੱਗੀ ਹੈ।

## ਸੁਪਰੀਮ ਕੋਰਟ ਦਾ ਇਤਿਹਾਸਿਕ ਫੈਸਲਾ, 13 ਸਾਲ ਤੋਂ ਕੋਮਾ ’ਚ ਰਹਿਣ ਵਾਲੇ ਹਰੀਸ਼ ਰਾਣਾ ਨੂੰ ਦਿੱਤੀ ਸਵੈ ਇੱਛਾ ਮੌਤ ਦੀ ਇਜਾਜ਼ਤ

**ਨਵੀਂ ਦਿੱਲੀ, 11 ਮਾਰਚ (ਆਵਾਜ਼ਿ ਕੌਮ ਬਿਊਰੋ)**-ਸੁਪਰੀਮ ਕੋਰਟ ਨੇ ਭਾਰਤ ਵਿੱਚ ਪਹਿਲੀ ਵਾਰ ਪੈਸਿਵ ਯੂਥੇਨੇਸੀਆ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਫੈਸਲਾ ਇੱਕ ਅਜਿਹੇ ਵਿਅਕਤੀ ਲਈ ਆਇਆ ਹੈ ਜੋ ਪਿਛਲੇ 13 ਸਾਲਾਂ ਤੋਂ ਕੋਮਾ ਵਿੱਚ ਸੀ। 32 ਸਾਲਾ ਹਰੀਸ਼ ਰਾਣਾ ਸਿਰਫ਼ ਮਸ਼ੀਨਾਂ ਅਤੇ ਟਿਊਬਾਂ ’ਤੇ ਰਹਿ ਰਿਹਾ ਸੀ, ਪਰ ਹੁਣ, ਉਸਦੇ ਪਿਤਾ ਦੀ ਬੇਨਤੀ ’ਤੇ, ਅਦਾਲਤ ਨੇ ਜੀਵਨ-ਸਹਾਇਤਾ ਪ੍ਰਣਾਲੀਆਂ ਨੂੰ ਹਟਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਫੈਸਲਾ 2018 ਦੇ ਕਾਮਨ ਕਾਜ਼ ਫੈਸਲੇ ’ਤੇ ਅਧਾਰਤ ਹੈ, ਜਿਸ ਨੇ ਸਨਮਾਨ ਨਾਲ ਮਰਨ ਦੇ ਮੌਲਿਕ ਅਧਿਕਾਰ ਨੂੰ ਮਾਨਤਾ ਦਿੱਤੀ ਸੀ। ਅਦਾਲਤ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਇਹ ਦਿਸ਼ਾ-ਨਿਰਦੇਸ਼ ਅਸਲ ਵਿੱਚ ਲਾਗੂ ਕੀਤੇ ਗਏ ਹਨ। ਹਰੀਸ਼ ਰਾਣਾ ਕਦੇ ਇੱਕ ਹੁਸ਼ਿਆਰ, ਪੜ੍ਹਾਈ ਵਿੱਚ ਦਿਲਚਸਪੀ ਰੱਖਣ ਵਾਲਾ ਨੌਜਵਾਨ ਸੀ। 2013 ਵਿੱਚ ਚੰਡੀਗੜ੍ਹ ਵਿੱਚ ਆਪਣੇ ਪੇਇੰਗ ਗੈਸਟ ਹੋਸਟਲ ਦੀ ਚੌਥੀ ਮੰਜ਼ਿਲ ਤੋਂ ਡਿੱਗਣ ਤੋਂ ਬਾਅਦ ਉਸਦੀ ਜ਼ਿੰਦਗੀ ਹਮੇਸ਼ਾ ਲਈ ਬਦਲ ਗਈ। ਉਸਨੂੰ ਦਿਮਾਗ ਵਿੱਚ ਗੰਭੀਰ ਸੱਟ ਲੱਗੀ, ਜਿਸ ਕਾਰਨ ਉਹ ਸਥਾਈ ਤੌਰ ’ਤੇ ਵੇਜ਼ੀਟੇਟੀਵ ਸਟੇਟ ਵਿੱਚ ਚਲਾ ਗਿਆ। ਉਹ 100% quadriplegic ਹੋ ਗਿਆ। ਪਿਛਲੇ 13 ਸਾਲਾਂ ਤੋਂ ਉਸਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਹੋਇਆ ਸੀ। ਉਹ ਬਿਸਤਰੇ ’ਤੇ ਪਿਆ ਰਿਹਾ, ਟ੍ਰੈਕਿਓਸਟੋਮੀ ਟਿਊਬ ਰਾਹੀਂ ਸਾਹ ਲੈ ਰਿਹਾ ਸੀ ਅਤੇ ਉਸਦੇ ਪੇਟ ਵਿੱਚ ਪਾਈ ਗਈ PEG ਟਿਊਬ ਰਾਹੀਂ ਕਲੀਨਿਕਲੀ ਐਡਮਿਨਿਸਟ੍ਰੇਡ ਨਿਊਟ੍ਰੀਸ਼ਨ ਰਾਹੀਂ ਪੋਸ਼ਣ ਪ੍ਰਾਪਤ ਕਰ ਰਿਹਾ ਸੀ। ਡਾਕਟਰੀ ਰਿਪੋਰਟਾਂ ਵਿੱਚ ਉਸਦੇ ਪੂਰੇ ਸਰੀਰ ਵਿੱਚ ਵਿਆਪਕ ਬੈੱਡ ਸੋਰਸ ਦਾ ਸੰਕੇਤ ਮਿਲਿਆ। ਡਾਕਟਰਾਂ ਨੇ ਸਪੱਸ਼ਟ ਤੌਰ ’ਤੇ ਕਿਹਾ ਕਿ ਠੀਕ ਹੋਣ ਦੀ ਕੋਈ ਉਮੀਦ ਨਹੀਂ ਹੈ। ਹਰੀਸ਼ ਦੇ ਪਿਤਾ ਨੇ ਸਾਲਾਂ ਤੱਕ ਆਪਣੇ ਪੁੱਤਰ ਦੀ ਹਾਲਤ ਨੂੰ ਦੇਖਿਆ ਅਤੇ ਅੰਤ ਵਿੱਚ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ। 2024 ਵਿੱਚ, ਉਸਨੇ ਦਿੱਲੀ ਹਾਈ ਕੋਰਟ ਵਿੱਚ ਅਪੀਲ ਕੀਤੀ, ਪਰ ਕੋਈ ਰਾਹਤ ਨਹੀਂ ਮਿਲੀ। ਫਿਰ ਸੁਪਰੀਮ ਕੋਰਟ ਨੇ ਮਾਮਲੇ ਦਾ ਨੋਟਿਸ ਲਿਆ। ਅਦਾਲਤ ਨੇ ਪ੍ਰਾਇਮਰੀ ਅਤੇ ਸੈਕੰਡਰੀ ਮੈਡੀਕਲ ਬੋਰਡ ਬਣਾਏ, ਜਿਸ ਵਿੱਚ ਏਮਜ਼ ਦੇ ਮਾਹਿਰ ਸ਼ਾਮਲ ਸਨ।

**ਅਦਾਲਤ ਦੇ ਮੁੱਖ ਨਿਰਦੇਸ਼ ਕੀ ਹਨ ?**

ਹਰੀਸ਼ ਨੂੰ ਦਿੱਤੇ ਜਾ ਰਹੇ ਸਾਰੇ ਜੀਵਨ-ਨਿਰਭਰ ਇਲਾਜ, ਜਿਸ ਵਿੱਚ CAN ਵੀ ਸ਼ਾਮਲ ਹੈ, ਤੁਰੰਤ ਬੰਦ ਜਾਂ ਰੋਕਿਆ ਜਾਵੇ। ਏਮਜ਼ ਨੂੰ ਹਰੀਸ਼ ਨੂੰ ਆਪਣੇ ਪੈਲੀਏਟਿਵ ਕੇਅਰ ਸੈਂਟਰ ਵਿੱਚ ਦਾਖਲ ਕਰਵਾਉਣਾ ਚਾਹੀਦਾ ਹੈ ਅਤੇ ਘਰ ਤੋਂ ਟ੍ਰਾਂਸਫਰ ਲਈ ਪੂਰੀਆਂ ਸਹੂਲਤਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ। ਇਲਾਜ ਵਾਪਸ ਲੈਣ ਦੀ ਯੋਜਨਾ ਅਜਿਹੀ ਹੋਣੀ ਚਾਹੀਦੀ ਹੈ ਕਿ ਮਰੀਜ਼ ਦਾ ਮਾਣ ਬਰਕਰਾਰ ਰਹੇ। ਉੱਚ ਅਦਾਲਤਾਂ ਨੂੰ ਮੈਡੀਕਲ ਬੋਰਡ ਦੇ ਫੈਸਲੇ ਬਾਰੇ ਨਿਆਂਇਕ ਮੈਜਿਸਟ੍ਰੇਟਾਂ ਨੂੰ ਸੂਚਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਕੇਂਦਰ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰੇਕ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲ ਸੈਕੰਡਰੀ ਮੈਡੀਕਲ ਬੋਰਡ ਲਈ ਰਜਿਸਟਰਡ ਡਾਕਟਰਾਂ ਦਾ ਇੱਕ ਪੈਨਲ ਹੋਵੇ। ਅਦਾਲਤ ਨੇ ਕੇਂਦਰ ਸਰਕਾਰ ਨੂੰ ਇਸ ਮਾਮਲੇ ’ਤੇ ਇੱਕ ਵਿਆਪਕ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ।

## ਭਾਰਤ ਆ ਰਹੇ ਕਾਰਗੋ ਜਹਾਜ਼ ’ਤੇ ਹੋਰਮੁਜ਼ ਜਲਡਮਰੂਮੱਧ ਨੇੜੇ ਹਮਲਾ, ਲੱਗੀ ਅੱਗ

**ਤਹਿਰਾਨ, 11 ਮਾਰਚ (ਆਵਾਜ਼ਿ ਕੌਮ ਬਿਊਰੋ)**-ਹੋਰਮੁਜ਼ ਜਲਡਮਰੂ ਦੇ ਨੇੜੇ ਥਾਈਲੈਂਡ ਦੇ ਇਕ ਮਾਲਵਾਹਕ ਜਹਾਜ਼ ’ਤੇ ਹਮਲਾ ਹੋਇਆ ਹੈ। ਇਹ ਭਾਰਤ ਦੇ ਗੁਜਰਾਤ ਵੱਲ ਜਾ ਰਿਹਾ ਸੀ। ਇੱਕ ਅਣਪਛਾਤਾ ਪ੍ਰੋਜੈਕਟਾਈਲ ਜਹਾਜ਼ ਨਾਲ ਟਕਰਾ ਗਿਆ, ਜਿਸ ਕਾਰਨ ਇਸ ਵਿੱਚ ਅੱਗ ਲੱਗ ਗਈ। ਅੱਗ ਲੱਗਣ ਮਗਰੋਂ ਜਹਾਜ਼ ’ਤੇ ਸਵਾਰ ਚਾਲਕ ਦਲ ਦੇ 20 ਮੈਂਬਰਾਂ ਨੂੰ ਬਚਾਇਆ ਗਿਆ, ਜਦੋਂ ਕਿ ਤਿੰਨ ਅਜੇ ਵੀ ਫਸੇ ਹੋਏ ਹਨ। ਸਮੁੰਦਰੀ ਸੁਰੱਖਿਆ ਸਰੋਤਾਂ ਅਤੇ ਜਹਾਜ਼ ਟਰੈਕਿੰਗ ਡੇਟਾ ਦੇ ਅਨੁਸਾਰ, ਮਯੂਰੀ ਨਾਰੀ ਵਜੋਂ ਪਛਾਣੇ ਗਏ ਜਹਾਜ਼ ਨੂੰ ਓਮਾਨ ਦੇ ਉੱਤਰੀ ਤੱਟ ਤੋਂ ਲਗਭਗ 11 ਸਮੁੰਦਰੀ ਮੀਲ ਦੂਰ ਨਿਸ਼ਾਨਾ ਬਣਾਇਆ ਗਿਆ ਸੀ। ਥਾਈ ਸਰਕਾਰ ਨੇ ਪੁਸ਼ਟੀ ਕੀਤੀ ਹੈ ਕਿ ਹਮਲੇ ਤੋਂ ਬਾਅਦ ਚਾਲਕ ਦਲ ਦੇ 20 ਮੈਂਬਰਾਂ ਨੂੰ ਬਚਾ ਲਿਆ ਗਿਆ, ਜਦੋਂ ਕਿ ਤਿੰਨ ਅਜੇ ਵੀ ਸਵਾਰ ਹਨ। ਅਮਰੀਕਾ ਅਤੇ ਇਜ਼ਰਾਈਲ ਨਾਲ ਜਾਰੀ ਯੁੱਧ ਕਾਰਨ ਈਰਾਨ ਨੇ ਸਟ੍ਰੇਟ ਆਫ ਹੋਰਮੁਜ਼ ’ਤੇ ਸਖ਼ਤ ਪਾਬੰਦੀਆਂ ਲਗਾਈਆਂ ਹਨ। ਉੱਥੋਂ ਲੰਘਣ ਵਾਲੇ ਯੂਰਪੀ, ਅਮਰੀਕੀ ਅਤੇ ਹੋਰ ਕਈ ਦੇਸ਼ਾਂ ਦੇ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।



ਰਾਇਲ ਥਾਈ ਨੇਵੀ ਅਤੇ ਯੂਨਾਈਟਿਡ ਕਿੰਗਡਮ ਮੈਰੀਟਾਈਮ ਟ੍ਰੇਡ ਆਪ੍ਰੇਸ਼ਨ ਦੋਵਾਂ ਨੇ ਦੱਸਿਆ ਕਿ 11 ਮਾਰਚ ਨੂੰ ਹੋਰਮੁਜ਼ ਜਲਡਮਰੂ ਵਿੱਚ ਇੱਕ ਅਣਪਛਾਤਾ ਪ੍ਰੋਜੈਕਟਾਈਲ ਇੱਕ ਮਾਲਵਾਹਕ ਜਹਾਜ਼ ਨਾਲ ਟਕਰਾ ਗਿਆ। ਸਵੇਰੇ 4:10 ਵਜੇ ਦੇ ਕਰੀਬ ਜਦੋਂ ਇਹ ਜਹਾਜ਼ ਜਲ ਮਾਰਗ ਪਾਰ ਕਰ ਰਿਹਾ ਸੀ, ਤਾਂ ਦੋ ਅਣਪਛਾਤੀਆਂ ਮਿਜ਼ਾਈਲਾਂ ਸਿੱਧੀਆਂ ਜਹਾਜ਼ ਦੇ ਇੰਜਣ ਰੂਮ ਅਤੇ ਪਿਛਲੇ ਹਿੱਸੇ (ਸਟਰਨ) ਨਾਲ ਜਾ ਟਕਰਾਈਆਂ, ਜਿਸ ਨਾਲ ਉੱਥੇ ਜ਼ਬਰਦਸਤ ਧਮਾਕੇ ਹੋਏ ਅਤੇ ਅੱਗ ਦੀਆਂ ਲਪਟਾਂ ਅਸਮਾਨ ਨੂੰ ਛੂਹਣ ਲੱਗੀਆਂ। ਅੰਤਰਰਾਸ਼ਟਰੀ ਸਮੁੰਦਰੀ ਸੰਗਠਨ ਨੇ ਜਹਾਜ਼ ਦੇ ਹਲ ਅਤੇ ਸੁਪਰਸਟ੍ਰਕਚਰ ਦੀ ਪੁਸ਼ਟੀ ਕੀਤੀ ਹੈ, ਜਿਸ ਵਿੱਚ ਨੰਬਰ ਵੀ ਸ਼ਾਮਲ ਹਨ, ਜੋ ਇਸਦੇ ਪੁਰਾਲੇਖਾਂ ਤੋਂ ਫੋਟੋਆਂ ਨਾਲ ਮੇਲ ਖਾਂਦੇ ਹਨ। ਸਮੁੰਦਰੀ ਰਿਕਾਰਡਾਂ ਦੇ ਅਨੁਸਾਰ, ਜਹਾਜ਼ ਪ੍ਰੀਸ਼ੀਅਸ ਸ਼ਿਪਿੰਗ ਦੀ ਮਲਕੀਅਤ ਹੈ।

ਜਹਾਜ਼-ਟਰੈਕਿੰਗ ਵੈੱਬਸਾਈਟਾਂ ਦੇ ਅਨੁਸਾਰ, ਮਯੂਰੀ ਨਾਰੀ ਹੋਰਮੁਜ਼ ਜਲਡਮਰੂ ਵਿੱਚ ਓਮਾਨੀ ਤੱਟ ਤੋਂ ਬਿਲਕੁਲ ਦੂਰ, 1 ਸਮੁੰਦਰੀ ਮੀਲ ਪ੍ਰਤੀ ਘੰਟਾ ਤੋਂ ਵੱਧ ਦੀ ਹੌਲੀ ਰਫ਼ਤਾਰ ਨਾਲ ਅੱਗੇ ਵਧ ਰਿਹਾ ਸੀ। ਉਨ੍ਹਾਂ ਨੇ ਰਿਪੋਰਟ ਦਿੱਤੀ ਕਿ 178 ਮੀਟਰ ਲੰਬਾ ਅਤੇ 30,000 ਟਨ ਵਜ਼ਨ ਵਾਲਾ ਇਹ ਜਹਾਜ਼ ਭਾਰਤ ਦੇ ਕਾਂਡਲਾ ਵੱਲ ਜਾ ਰਿਹਾ ਸੀ।

ਰਾਇਲ ਥਾਈ ਨੇਵੀ ਨੇ ਕਿਹਾ ਹੈ ਕਿ ਹਮਲੇ ਵਿੱਚ ਇੱਕ ਅਣਪਛਾਤਾ ਪ੍ਰੋਜੈਕਟਾਈਲ ਸ਼ਾਮਲ ਸੀ ਅਤੇ ਹਮਲੇ ਦੇ ਹਾਲਾਤਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ। ਹੋਰਮੁਜ਼ ਜਲਡਮਰੂ ਇੱਕ ਮਹੱਤਵਪੂਰਨ ਸਮੁੰਦਰੀ ਲਾਂਘਾ ਹੈ ਜਿਸ ਵਿੱਚੋਂ ਦੁਨੀਆ ਦੀ ਊਰਜਾ ਸਪਲਾਈ ਦਾ ਇੱਕ ਵੱਡਾ ਹਿੱਸਾ ਲੰਘਦਾ ਹੈ। ਹਾਲਾਂਕਿ, ਈਰਾਨ ’ਤੇ ਹਾਲ ਹੀ ਵਿੱਚ ਅਮਰੀਕਾ ਅਤੇ ਇਜ਼ਰਾਈਲੀ ਹਮਲਿਆਂ ਤੋਂ ਬਾਅਦ, ਇਸ ਲਾਂਘੇ ਨੂੰ ਸੁਰੱਖਿਆ ਕਾਰਨਾਂ ਕਰਕੇ ਬੰਦ ਕਰ ਦਿੱਤਾ ਗਿਆ ਹੈ ਅਤੇ ਸਿਰਫ਼ ਕੁਝ ਜਹਾਜ਼ ਹੀ ਲੰਘ ਰਹੇ ਹਨ।

## ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ ’ਤੇ ਹਾਈਕੋਰਟ ’ਚ ਸੁਣਵਾਈ, ਅਦਾਲਤ ਨੇ ਸੁਰੱਖਿਅਤ ਰੱਖਿਆ ਫ਼ੈਸਲਾ

**ਚੰਡੀਗੜ੍ਹ, 11 ਮਾਰਚ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਵੱਲੋਂ ਨੈਸ਼ਨਲ ਸਕਿਓਰਿਟੀ ਐਕਟ (ਐੱਨ. ਐੱਸ. ਏ.) ਦੇ ਖ਼ਿਲਾਫ਼ ਦਾਇਰ ਕੀਤੀ ਗਈ ਪਟੀਸ਼ਨ ’ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ’ਚ ਸੁਣਵਾਈ ਮੁਕੰਮਲ ਹੋ ਗਈ ਹੈ। ਅਦਾਲਤ ਨੇ ਇਸ ਮਾਮਲੇ ’ਚ ਦੋਹਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ ਹੈ। ਅਸਾਮ ਦੀ ਡਿਬਰੂਗੜ੍ਹ ਜੇਲ੍ਹ ’ਚ ਬੰਦ ਅੰਮ੍ਰਿਤਪਾਲ ਸਿੰਘ ’ਤੇ ਲਗਾਏ ਗਏ ਤੀਜੇ ਐੱਨ. ਐੱਸ. ਏ. ਦੇ ਖ਼ਿਲਾਫ਼ ਇਹ ਪਟੀਸ਼ਨ ਪਾਈ ਗਈ ਸੀ।



ਬੁੱਧਵਾਰ ਨੂੰ ਹੋਈ ਸੁਣਵਾਈ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਵਕੀਲਾਂ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੇ ਆਪਣੀਆਂ-ਆਪਣੀਆਂ ਦਲੀਲਾਂ ਪੇਸ਼ ਕੀਤੀਆਂ। ਅਦਾਲਤ ਹੁਣ ਇਸ ’ਤੇ ਆਪਣਾ ਆਖ਼ਰੀ ਫ਼ੈਸਲਾ ਸੁਣਾਏਗੀ। ਐੱਨ. ਐੱਸ. ਏ. ਤੋਂ ਇਲਾਵਾ ਅੰਮ੍ਰਿਤਪਾਲ ਸਿੰਘ ਨੇ ਸੰਸਦ ਦੇ ਆਗਾਮੀ ਬਜਟ ਸੈਸ਼ਨ ’ਚ ਹਿੱਸਾ ਲੈਣ ਲਈ ਹਾਈਕੋਰਟ ਤੋਂ ਪੈਰੋਲ ਦੀ ਮੰਗ ਵੀ ਕੀਤੀ ਹੈ। ਪਟੀਸ਼ਨ ’ਚ ਕਿਹਾ ਗਿਆ ਹੈ ਕਿ ਬਜਟ ਸੈਸ਼ਨ ਦੋ ਪੜਾਵਾਂ ’ਚ ਹੋਣਾ ਹੈ- ਪਹਿਲਾ ਪੜਾਅ 28 ਜਨਵਰੀ ਤੋਂ 13 ਫਰਵਰੀ, 2026 ਤੱਕ ਸੀ ਅਤੇ ਦੂਜਾ ਪੜਾਅ 9 ਮਾਰਚ ਤੋਂ 2 ਅਪ੍ਰੈਲ, 2026 ਤੱਕ ਚੱਲੇਗਾ। ਉਨ੍ਹਾਂ ਨੇ ਇਸ ਪੂਰੀ ਮਿਆਦ ਦੌਰਾਨ ਸਦਨ ’ਚ ਹਾਜ਼ਰ ਰਹਿਣ ਦੀ ਇਜਾਜ਼ਤ ਮੰਗੀ ਹੈ। ਅੰਮ੍ਰਿਤਪਾਲ ਸਿੰਘ ਵੱਲੋਂ ਦਿੱਤੀ ਗਈ ਦਲੀਲ ਅਨੁਸਾਰ ਉਹ ਆਪਣੇ ਚੋਣ ਖੇਤਰ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਨਸ਼ਿਆਂ ਦੀ ਦੁਰਵਰਤੋਂ, ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਹੋਰ ਜਨਤਕ ਮੁੱਦਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਮੁੱਦਿਆਂ ਨੂੰ ਸਦਨ ’ਚ ਉਠਾਉਣਾ ਉਨ੍ਹਾਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਪਟੀਸ਼ਨ ’ਚ ਇਹ ਵੀ ਦੱਸਿਆ ਗਿਆ ਹੈ ਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਸਰਦ ਰੁੱਤ ਸੈਸ਼ਨ ’ਚ ਸ਼ਾਮਲ ਹੋਣ ਲਈ ਪੈਰੋਲ ਦੀ ਮੰਗ ਕੀਤੀ ਸੀ ਪਰ ਉਸ ਕੇਸ ਦੀ ਸੁਣਵਾਈ ਪੂਰੀ ਹੋਣ ਤੋਂ ਪਹਿਲਾਂ ਹੀ ਸੈਸ਼ਨ ਖ਼ਤਮ ਹੋ ਗਿਆ ਸੀ। ਇਸ ਵਾਰ ਉਨ੍ਹਾਂ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਸਰਕਾਰ ਨੂੰ ਇਸ ਸਬੰਧੀ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਜਾਣ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਨਗਰ ਕੀਰਤਨ ਐਤਵਾਰ 29 ਮਾਰਚ ਨੂੰ

**ਨਗਰ ਕੀਰਤਨ ਦਾ ਸਮਾਂ : 12 ਵਜੇ ਅਰੰਭਤਾ ਅਤੇ 5 ਵਜੇ ਸਮਾਪਤੀ ਹੋਵੇਗੀ । ਹੋਲੇ ਮਹੱਲੇ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ।**

**ਸ਼ਨਿੱਚਰਵਾਰ 28 ਮਾਰਚ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ ।**

ਐਤਵਾਰ 29 ਮਾਰਚ 2026 ਨੂੰ 6:30 ਵਜੇ ਸਵੇਰੇ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ।

ਢਾਡੀ ਜਥਾ, ਰਾਗੀ ਜਥਾ , ਕਥਾ ਵਾਚਕ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ ।

ਤਰਾਂ-ਤਰਾਂ ਸਟਾਲ ਵੀ ਲੱਗਣਗੇ ☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾਂ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net



ਦਮਦਮੀ ਟਕਸਾਲ

ਨਾਮ ਜਪੋ
ਕਿਰਤ ਕਰੋ
ਵੰਡ ਛੱਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA
WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ

## ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਵੱਲੋਂ

# ਧਾਰਮਿਕ ਦੀਵਾਨ

## 12-13-14 ਮਾਰਚ 2026

ਸਮਾਂ : ਦੁਪਹਿਰ 12 ਤੋਂ 3 ਵਜੇ ਤੱਕ

# ਪਿੰਡ ਗਿਆਨਾ

ਜ਼ਿਲਾ ਬਠਿੰਡਾ (ਪੰਜਾਬ)

**ਸਥਾਨ : ਗੁਰਦੁਆਰਾ ਸਾਹਿਬ**

ਅੰਮ੍ਰਿਤ ਸੰਚਾਰ 14 ਮਾਰਚ ਦਿਨੇ 12 ਵਜੇ ਹੋਵੇਗਾ ਜੀ

ਸਰਬੱਤ ਸੰਗਤਾਂ ਸਮੇਂ ਸਿਰ ਪੁੱਜ ਕੇ ਗੁਰਬਾਣੀ ਇਤਿਹਾਸ ਦਾ ਲਾਹਾ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।



LIVE ON Mr. Singh Production Nihal TV

facebook : /jathedarbaljitkhalsasinghdaduwal

ਬੇਨਤੀ ਕਰਤਾ - ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀ ਸੇਵਾਦਾਰ ਸਾਧਸੰਗਤ ਅਤੇ ਨਗਰ ਪੰਚਾਇਤ ਪਿੰਡ ਗਿਆਨਾ ਜਿਲ੍ਹਾ ਬਠਿੰਡਾ

ਸੰਪਰਕ ਨੰ: 94172-09926
80546-10503


Vehicle360
Professional Car Repairs & Servicing
West Bromwich
CAR SERVICES – ALL MAKES & MODELS
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
FREE VEHICLE HEALTH CHECK
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ AWAZE QAUM
International Newspaper & WEB TV

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਨਾਨਕਸ਼ਾਹੀ ਸੰਮਤ 558 ਅਨੁਸਾਰ ਨਵੇਂ ਸਾਲ ਦੀ ਅਰੰਭਤਾ ਹੋਣ ਜਾ ਰਹੀ ਹੈ

**ਸ਼ੁੱਕਰਵਾਰ 13 ਮਾਰਚ ਸ਼ਾਮ ਨੂੰ 6:30 ਦੀਵਾਨਾ ਦੀ ਅਰੰਭਤਾ ਹੋਵੇਗੀ ਅਤੇ ਰਾਤ 12:30 ਵਜੇ ਦੀਵਾਨਾ ਸਮਾਪਤੀ ਹੋਵੇਗੀ।**

## ਸੰਗਰਾਂਦ ਰਾਤ 12 ਵਜੇ ਬਾਰਾਂ ਮਾਹ ਦੀ ਬਾਣੀ ਪਾਠ ਹੋਵੇਗਾ।

ਰਾਗੀ ਜਥੇ ਕੀਰਤਨ ਦੀ ਹਾਜ਼ਰੀ ਭਰਨਗੇ ਅਤੇ ਕਥਾ ਵਾਚਕ ਕਥਾ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰੀ ਕਰਨਾ ਜੀ
☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾਂ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

### ਅਕਾਲ ਯੂਨੀਵਰਸਿਟੀ ਵਿਚ 8ਵੀਂ ਅਥਲੈਟਿਕ ਮੀਟ

# ਸਫਲਤਾ ਨਾਲ ਮੁਕੰਮਲ ਹੋਈ






**ਤਲਵੰਡੀ ਸਾਬੋ, 11 ਮਾਰਚ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ ਦੁਆਰਾ ਆਪਣੇ ਮਿਸ਼ਨ 'ਤੇ ਪਹਿਰਾ ਦਿੰਦਿਆਂ ਵਿਦਿਆਰਥੀਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਨੂੰ ਹਮੇਸ਼ਾ ਧਿਆਨ ਵਿਚ ਰੱਖਿਆ ਜਾਂਦਾ ਹੈ, ਜਿਸ ਤਹਿਤ ਯੂਨੀਵਰਸਿਟੀ ਵੱਲੋਂ ਆਪਣੇ ਵਿਹੜੇ ਵਿਚ 8ਵੀਂ ਅਥਲੈਟਿਕ ਮੀਟ ਦਾ ਆਯੋਜਨ ਕੀਤਾ ਗਿਆ। ਸਭ ਤੋਂ ਪਹਿਲਾ ਮੰਚ ਸੰਚਾਲਕ ਡਾ. ਰਮਨਦੀਪ ਕੌਰ ਨੇ ਸਭ ਦਾ ਸਵਾਗਤ ਕਰਦਿਆਂ ਸਮੁਚੇ ਪ੍ਰੋਗਰਾਮ ਦੀ ਰੂਪਰੇਖਾ ਸਾਂਝੀ ਕੀਤੀ। ਪ੍ਰੋਗਰਾਮ ਦਾ ਆਗ਼ਾਜ਼ ਸ਼ਬਦ ਗਾਇਨ ਦੀ ਰਸਮ ਨਾਲ ਕੀਤਾ ਗਿਆ। ਉਪਰੰਤ ਅਥਲੈਟਿਕ ਮੀਟ ਦਾ ਉਦਘਾਟਨ ਯੂਨੀਵਰਸਿਟੀ ਦੇ ਮਾਣਯੋਗ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ ਨੇ ਕੀਤਾ। ਉਹਨਾਂ ਨੇ ਮੰਚ ਤੋਂ ਆਪਣੇ ਉਦਘਾਟਨੀ ਸ਼ਬਦਾਂ ਰਾਹੀਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦਿਆਂ ਵਿਦਿਆਰਥੀ ਜੀਵਨ ਵਿਚ ਪੜ੍ਹਾਈ ਅਤੇ ਖੇਡਾਂ ਦੇ ਮਹੱਤਵ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਖੇਡਾਂ ਦੌਰਾਨ ਕੁਝ ਧਿਆਨ ਦੇਣ ਯੋਗ ਗੱਲਾਂ ਬਾਰੇ ਵੀ ਸੰਕੇਤ ਕੀਤਾ। ਉਹਨਾਂ ਵੱਲੋਂ ਅਗਿਆ ਦੇਣ ਨਾਲ ਖੇਡਾਂ ਦਾ ਆਗ਼ਾਜ਼ ਹੋਇਆ। ਸਹੁੰ ਚੁਕਣ ਦੀ ਰਸਮ ਤੋਂ ਬਾਅਦ ਕੈਂਪਸ ਦੇ ਦੋਹਾਂ ਮੈਦਾਨਾਂ ਵਿਚ ਵਿਦਿਆਰਥੀਆਂ ਦੀਆਂ ਸਮਾਨੰਤਰ ਖੇਡਾਂ ਸ਼ਾਮ ਤੀਕਰ ਹੋਈਆਂ। ਖੇਡ ਮੁਕਾਬਲਿਆਂ ਵਿਚ 100 ਮੀਟਰ, 200 ਮੀਟਰ, 800 ਮੀਟਰ 1500 ਮੀਟਰ ਦੀ ਰੇਸ, ਰਿਲੇ ਰੇਸ, ਰੱਸਾਕਸ਼ੀ, ਡਿਸਕਸ ਥਰੋ, ਲੰਮੀ ਛਲਾਂਗ, ਟ੍ਰਿਪਲ ਜੰਪ ਅਤੇ ਸੋਰਟ ਪੁੱਟ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਗਏ, ਜਿਹਨਾਂ ਵਿਚ ਲਗਭਗ ਹਰ ਵਿਭਾਗ ਦੇ ਵਿਦਿਆਰਥੀਆਂ ਨੇ ਖੇਡ ਭਾਵਨਾ ਦੀ ਵਚਨਬੱਧਤਾ ਨਾਲ ਭਾਗ ਲਿਆ। ਡਾਇਰੈਕਟਰ ਡਾ. ਗੁਰਟੇਕ ਸਿੰਘ ਨੇ ਖੇਡਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿਚ ਵਿਸ਼ੇਸ਼ ਯੋਗਦਾਨ ਦਿਤਾ। ਡੀਨ ਵਿਦਿਆਰਥੀ ਭਲਾਈ ਡਾ. ਜਨਪ੍ਰੀਤ ਸਿੰਘ, ਡਾ. ਗੁਰਟੇਕ ਸਿੰਘ ਅਤੇ ਡਾ. ਕੋਮਲਪ੍ਰੀਤ ਕੌਰ ਨੇ ਕੋਆਡੀਨੇਟਰ ਦੀ ਭੂਮਿਕਾ ਨਿਭਾਈ। ਸਾਰੀਆਂ ਖੇਡ ਗਤੀਵਿਧੀਆਂ ਨੂੰ ਸਫ਼ਲਤਾ ਨਾਲ ਪੜਾਅ ਦਰ ਪੜਾਅ ਅੱਗੇ ਵਧਾਉਣ ਵਿਚ ਸਮੁੱਚੇ ਰੂਪ ਵਿਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਵਿਸ਼ੇਸ਼ ਤੌਰ 'ਤੇ ਸਹਿਯੋਗ ਦਿੱਤਾ। ਖੇਡਾਂ ਨੂੰ ਸਫ਼ਲਤਾ ਨਾਲ ਮੁਕੰਮਲ ਕਰਨ ਵਿਚ ਅਕਾਲ ਅਕੈਡਮੀ ਤੋਂ ਆਏ ਕੋਚ ਸਰਬਜੀਤ ਸਿੰਘ ਅਤੇ ਯੂਨੀਵਰਸਿਟੀ ਤੋਂ ਸਪੋਰਟਸ ਅਧਿਆਪਕ ਜਸਬੀਰ ਸਿੰਘ ਨੇ ਪੂਰਾ ਸਹਿਯੋਗ ਦਿੱਤਾ। ਖੇਡ ਮੁਕਾਬਲਿਆਂ ਤੋਂ ਬਾਅਦ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ ਨੇ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਵਾਲੇ ਮੁੰਡਿਆਂ 'ਚੋਂ ਬੈਸਟ ਅਥਲੀਟ ਵਰਿੰਦਰ ਸਿੰਘ (ਕੰਪਿਊਟਰ ਸਾਇੰਸ ਵਿਭਾਗ) ਕੁੜੀਆਂ ਵਿੱਚੋਂ ਬੈਸਟ ਅਥਲੀਟ ਅੰਮ੍ਰਿਤਪਾਲ ਕੌਰ (ਕਾਮਰਸ ਵਿਭਾਗ) ਨੂੰ ਸਨਮਾਨਿਤ ਕੀਤਾ। ਉਹਨਾਂ ਨੇ ਖੇਡ ਮੁਕਾਬਲਿਆਂ ਦੇ ਹੋਰ ਜੇਤੂਆਂ ਨੂੰ ਮੈਡਲ ਤੇ ਪ੍ਰਮਾਣ-ਪੱਤਰ ਵੰਡੇ। ਅੰਤ ਵਿਚ ਡੀਨ ਅਕਾਦਮਿਕ ਮੇਜਰ ਜਨਰਲ ਡਾ. ਜੀ ਐੱਸ ਲਾਂਬਾ ਨੇ ਸ਼ਲਾਘਾਪੂਰਨ ਸ਼ਬਦਾਂ ਨਾਲ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਯੂਨੀਵਰਸਿਟੀ ਪ੍ਰਬੰਧਕ, ਸਾਰੇ ਵਿਭਾਗਾਂ ਦੇ ਮੁਖੀ ਅਤੇ ਅਧਿਆਪਕ ਵਿਦਿਆਰਥੀਆਂ ਦੀ ਖੇਡ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਹਾਜ਼ਰ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

### ਬੀਬੀ ਕਿਲਾ ਹਕੀਮਾਂ ਵੱਲੋਂ

# ਕਾਂਝਲਾ ਦੇ ਪਰਿਵਾਰ ਦੀ ਕੀਤੀ ਮੱਦਦ

ਧੂਰੀ ( ਰਣਜੀਤ ਸਿੰਘ ਪੇਧਨੀ )-ਸਿੱਖਾਂ ਦੀ ਮਿਨੀ ਪਾਰਲੀਮੈਂਟ ਸਮੇਂ ਸਮੇਂ ਤੇ ਲੋੜਵੰਦ ਗਰੀਬ ਲੋਕਾਂ ਦੀ ਮਦਦ ਕਰਦੀ ਆ ਰਹੀ ਹੈ, ਇਸੇ ਹੀ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਬਰ ਬੀਬੀ ਸਵਰਨਜੀਤ ਕੌਰ ਵੱਲੋਂ ਧੂਰੀ ਤੇ ਲਈ ਲੋੜਵੰਦਾਂ ਦੇ ਲਈ ਸੇਵਾ ਕਰਦੇ ਆ ਆਪਣੇ ਹਲਕੇ ਵਿੱਚ ਪੈਂਦੇ ਪਿੰਡ ਕਾਝਲਾ ਵਿਖੇ ਲੋੜਵੰਦ ਪਰਿਵਾਰ ਦੀ 5000 ਰੁਪੈ ਦੀ ਸਹਾਇਤਾ ਕੀਤੀ ਗਈ। ਇਹ ਸਹਾਈਤਾ ਨੌਜਵਾਨ ਆਗੂ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ ਵੱਲੋਂ ਭੇਟ ਕੀਤੀ ਗਈ । ਇਸ ਮੌਕੇ ਸਿਮਰਨ ਕਾਂਝਲਾ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV



## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿੰਡਾਂ ਦਾ ਹੋ ਰਿਹੈ ਸਰਵਪੱਖੀ ਵਿਕਾਸ : ਸੁਖਵੀਰ ਸਿੰਘ

### ਸ਼ੇਰਪੁਰ ਸੋਢੀਆਂ, ਢਢੋਗਲ ਤੇ ਜੈਨਪੁਰ ਵਿੱਚ ਨਵੇਂ ਵਿਕਾਸ ਕਾਰਜ਼ਾਂ ਦੀ ਸ਼ੁਰੂਆਤ



**ਧੂਰੀ ( ਰਣਜੀਤ ਸਿੰਘ ਪੇਧਨੀ )**-ਵਿਧਾਨ ਸਭਾ ਹਲਕਾ ਧੂਰੀ ਦੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਅਤੇ ਨਵੇਂ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਵਾਉਣ ਲਈ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓਐਸਡੀ ਸੁਖਵੀਰ ਸਿੰਘ ਵੱਲੋਂ ਪਿੰਡ ਸ਼ੇਰਪੁਰ ਸੋਢੀਆਂ, ਢਢੋਗਲ ਅਤੇ ਜੈਨਪੁਰ ਦਾ ਦੌਰਾ ਕੀਤਾ ਗਿਆ। ਇਸ ਦੌਰੇ ਦੌਰਾਨ ਉਨ੍ਹਾਂ ਵੱਲੋਂ ਕਰੀਬ 1 ਕਰੋੜ 57 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਵੀ ਸੁਣੀਆਂ। ਇਸ ਮੌਕੇ ਸੰਬੋਧਨ ਕਰਦਿਆਂ ਓਐਸਡੀ ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸਪਸ਼ਟ ਹਦਾਇਤ ਹੈ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਾ ਰਹਿਣ ਦਿੱਤੀ ਜਾਵੇ ਅਤੇ ਹਰੇਕ ਪਿੰਡ ਵਿੱਚ ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਪ੍ਰੋਜੈਕਟ ਲਾਗੂ ਕੀਤੇ ਜਾਣ। ਉਨ੍ਹਾਂ ਦੱਸਿਆ ਕਿ ਨਾਭਾ-ਧੂਰੀ-ਮਾਲੇਰਕੋਟਲਾ ਸੜਕ ਵਾਇਆ ਲਾਗੜ੍ਹੀਆ, ਨਿਆਮਤਪੁਰ, ਜੈਨਪੁਰ, ਬਨਭੋਰਾ ਅਤੇ ਮਾਣਕਮਾਜਰਾ ਕਰੀਬ 21.25 ਕਿਲੋਮੀਟਰ ਲੰਮੀ ਸੜਕ ਨੂੰ 17 ਕਰੋੜ ਰੁਪਏ ਦੀ ਲਾਗਤ ਨਾਲ 18 ਫੁੱਟ ਚੌੜਾ ਕੀਤਾ ਜਾਵੇਗਾ, ਜਿਸ ਨਾਲ ਇਲਾਕੇ ਦੇ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਦੱਸਿਆ ਕਿ ਪਿੰਡ ਸ਼ੇਰਪੁਰ ਸੋਢੀਆਂ ਵਿਖੇ ਹੁਣ ਤੱਕ ਕਰੀਬ 1.7 ਕਰੋੜ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ, ਜਦਕਿ 77 ਲੱਖ ਰੁਪਏ ਦੇ ਨਵੇਂ ਵਿਕਾਸ ਕੰਮ ਸ਼ੁਰੂ ਕੀਤੇ ਜਾ ਰਹੇ ਹਨ। ਇਸ ਦੌਰਾਨ ਉਨ੍ਹਾਂ ਵੱਲੋਂ ਸ਼ਹੀਦ ਬਲਜੀਤ ਸਿੰਘ ਦੀ ਯਾਦ ਵਿੱਚ ਯਾਦਗਾਰੀ ਗੇਟ ਬਣਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਜਾਖਲਾ ਤੋਂ ਸ਼ੇਰਪੁਰ ਸੋਢੀਆਂ ਤੱਕ ਕਰੀਬ 2.47 ਕਿਲੋਮੀਟਰ ਲੰਮੀ ਸੜਕ ਨੂੰ ਵੀ 18 ਫੁੱਟ ਚੌੜਾ ਕੀਤਾ ਜਾ ਰਿਹਾ ਹੈ। ਓਐਸਡੀ ਸੁਖਵੀਰ ਸਿੰਘ ਨੇ ਦੱਸਿਆ ਕਿ ਪਿੰਡ ਢਢੋਗਲ ਵਿਖੇ ਕਰੀਬ 2.7 ਕਰੋੜ ਰੁਪਏ ਦੇ ਵਿਕਾਸ ਕਾਰਜ ਪਹਿਲਾਂ ਹੀ ਕਰਵਾਏ ਜਾ ਚੁੱਕੇ ਹਨ ਅਤੇ ਲਗਭਗ 48 ਲੱਖ ਰੁਪਏ ਦੇ ਹੋਰ ਵਿਕਾਸ ਕੰਮ ਜਲਦੀ ਸ਼ੁਰੂ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ 38 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਵਿੱਚ ਆਧੁਨਿਕ ਖੇਡ ਸਟੇਡੀਅਮ ਬਣਾਇਆ ਜਾਵੇਗਾ, ਜਦਕਿ 5 ਲੱਖ ਰੁਪਏ ਦੀ ਲਾਗਤ ਨਾਲ ਬਜ਼ੁਰਗਾਂ ਲਈ ਸੱਥ ਤਿਆਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਢਢੋਗਲ ਤੋਂ ਜੈਨਪੁਰ ਸੜਕ ਨੂੰ 18 ਫੁੱਟ ਚੌੜਾ ਕੀਤਾ ਜਾ ਰਿਹਾ ਹੈ ਅਤੇ ਪਿੰਡ ਦੀ ਫਿਰਨੀ ਨੂੰ ਵੀ 18 ਫੁੱਟ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਜੈਨਪੁਰ ਵਿੱਚ ਹੁਣ ਤੱਕ ਕਰੀਬ 98 ਲੱਖ ਰੁਪਏ ਦੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ, ਜਦਕਿ 31 ਲੱਖ ਰੁਪਏ ਦੀ ਲਾਗਤ ਨਾਲ ਹੋਰ ਵਿਕਾਸ ਕੰਮਾਂ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਮੈਂਬਰ ਵਕਫ਼ ਬੋਰਡ ਡਾ. ਅਨਵਰ ਭਸੌੜ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਛਪਾਲ ਸਿੰਘ, ਚੇਅਰਮੈਨ ਪੰਜਾਬ ਟਰੇਡ ਕਮਿਸ਼ਨ ਧੂਰੀ ਪੁਸ਼ਿਪੰਦਰ ਸ਼ਰਮਾ (ਸੋਮਾ), ਗਗਨ ਜਵੰਧਾ, ਬੀ.ਡੀ.ਪੀ.ਓ ਸੁਖਵਿੰਦਰ ਸਿੰਘ, ਪੰਕਜ, ਰਮਨਦੀਪ ਸਿੰਘ, ਨਰਿੰਦਰ ਕੌਰ, ਜਗਰਾਜ ਸਿੰਘ, ਜਗਨੰਦਨ ਸਿੰਘ, ਲਾਭ ਸਿੰਘ, ਗੁਰਧਿਆਨ ਸਿੰਘ, ਸਰਬਜੀਤ ਸਿੰਘ, ਬਿਸਾਖਾ ਸਿੰਘ, ਪਰਮਜੀਤ ਸਿੰਘ, ਬੂਟਾ ਸਿੰਘ, ਸਰਵਣ ਸਿੰਘ, ਹਰਕੇਵਲ ਸਿੰਘ, ਬਿਕਰ ਸਿੰਘ, ਸੁਖਵੀਰ ਸਿੰਘ, ਹਰਭਜਨ ਸਿੰਘ, ਸ਼ਿਮੰਦਰ ਸਿੰਘ, ਅਮਰਦੀਪ ਧਾਂਦਰਾ, ਮਨਪ੍ਰੀਤ ਸਿੰਘ, ਸਤਨਾਮ ਸਿੰਘ, ਮਨਪ੍ਰੀਤ ਕੌਰ, ਭਰਪੂਰ ਸਿੰਘ ਢਢੋਗਲ, ਸੁਖਵੀਰ ਸਿੰਘ, ਦਵਿੰਦਰ ਸਿੰਘ ਧੂਰਾ, ਰਿਪਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸਬ ਡਵੀਜ਼ਨ ਪੁਲਿਸ ਧੂਰੀ ਨੇ 3 ਮੁੱਕਦਮੇ ਦਰਜ ਕਰਕੇ 7 ਦੋਸੀਆਂ ਨੂੰ ਕੀਤਾ ਕਾਬੂ, ਨਸ਼ੀਲੇ ਪਦਾਰਥ ਕਰਵਾਏ ਬਰਾਮਦ



ਧੂਰੀ ( ਰਣਜੀਤ ਸਿੰਘ ਪੇਧਨੀ ): ਸ੍ਰੀ ਸਰਤਾਜ ਸਿੰਘ ਚਾਹਲ ਆਈ ਪੀ ਐੱਸ ਐੱਸ ਐੱਸ ਪੀ ਸੰਗਰੂਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਬ ਡਵੀਜ਼ਨ ਪੁਲਿਸ ਧੂਰੀ ਦੇ ਡੀਐਸਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਅਤੇ ਪਿੰਡਾਂ ਦੇ ਪਹਿਰੇਦਾਰ ਵੱਜੋਂ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦਿਆਂ ਮਿਤੀ 2 ਮਾਰਚ ਤੋਂ 8 ਮਾਰਚ ਤੱਕ 3 ਮੁਕਦਮੇ ਦਰਜ ਕਰਕੇ 7 ਦੋਸੀਆ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਪਾਸੋਂ 10 ਗ੍ਰਾਮ ਚਿੱਟਾ ਅਤੇ 18650 ਨਸ਼ੀਲੀਆਂ ਗੋਲੀਆਂ ਬਰਾਮਦ ਕਰਵਾਈਆਂ ਗਈਆਂ। ਇਸਦੇ ਨਾਲ ਹੀ ਨਸਾਂ ਕਰਨ ਵਾਲੇ 6 ਵਿਅਕਤੀਆਂ ਨੂੰ ਓਟ ਸੈਂਟਰ ਵਿਚੋਂ ਦਵਾਈ ਦਿਲਵਾਈ ਗਈ ਸ੍ਰੀ ਚਾਹਲ ਨੇ ਦੱਸਿਆ ਕਿ ਪੁਰਾਣੇ ਚਲ ਰਹੇ ਮੁਕਦਮਿਆਂ ਵਿਚੋਂ ਇੱਕ ਭਗੌੜਾ ਦੋਸ਼ੀ ਵੀ ਗਿਰਫ਼ਤਾਰ ਕੀਤਾ ਗਿਆ 11 ਮੁਕਦਮਿਆਂ ਦੀ ਤਫਤੀਸ਼ ਮੁਕੰਮਲ ਕਰ ਕੇ ਕਰਕੇ ਦੋਸ਼ੀਆਂ ਵਿਰੁੱਧ ਅਦਾਲਤ ਵਿੱਚ ਚਲਾਨ ਪੇਸ਼ ਕੀਤੇ ਗਏ ਪਬਲਿਕ ਦੀਆਂ 165 ਦਰਖ਼ਾਸਤਾਂ ਦਾ ਨਿਪਟਾਰਾ ਕੀਤਾ ਗਿਆ 199 ਵਹੀਕਲਜ ਦੇ ਚਲਾਨ ਕੀਤੇ ਗਏ, ਸ਼ੱਕੀ ਵਿਅਕਤੀਆਂ ਦੀ ਚੈਕਿੰਗ ਦੌਰਾਨ 157 ਵਿਅਕਤੀਆਂ ਧਾਰਾ172 ਬੀ ਐਨ ਐਨ ਤਹਿਤ ਕਾਰਵਾਈ ਕੀਤੀ ਗਈ ਪਬਲਿਕ ਨੂੰ ਨਸਾਂ ਵਿਰੋਧੀ ਆਂ ਵਾਰੇ ਜਾਣਕਾਰੀ ਦੇਣ ਦੀ ਅਪੀਲ ਕੀਤੀ ਗਈ ਅਤੇ ਪਬਲਿਕ ਮੀਟਿੰਗਾਂ ਦੌਰਾਨ ਨਸ਼ਿਆਂ ਦੇ ਖਾਤਮੇ ਲਈ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਜਾਗਰੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਜਾਰੀ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM

ਕਸਬਾ ਔਡਾਂ ਗੁਰਦੁਆਰਾ ਸਾਹਿਬ ਵਿਖੇ ਪ੍ਰਧਾਨ ਰਜਿੰਦਰ ਸਿੰਘ ਦੇ ਪਿਤਾ ਸ.ਕਰਨੈਲ ਸਿੰਘ ਕੁੰਡਰ ਦੀ ਅੰਤਿਮ ਅਰਦਾਸ ਸਮੇਂ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਪੰਥਕ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ








ਕਸਬਾ ਔਡਾਂ ਗੁਰਦੁਆਰਾ ਸਾਹਿਬ ਵਿਖੇ ਪ੍ਰਧਾਨ ਰਜਿੰਦਰ ਸਿੰਘ ਦੇ ਪਿਤਾ ਸ.ਕਰਨੈਲ ਸਿੰਘ ਕੁੰਡਰ ਦੀ ਅੰਤਿਮ ਅਰਦਾਸ ਸਮੇਂ ਅੱਜ 10 ਮਾਰਚ 2026 ਸ਼ਰਧਾਂਜਲੀ ਭੇਂਟ ਕਰਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ.ਹਾਜ਼ਰ ਸਿੱਖ ਸੰਗਤਾਂ..ਧੰਨਵਾਦ ਕਰਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਔਡਾਂ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਬੜਾਗੁੜਾ ਸਿਰਸਾ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਕਸਬਾ ਔਡਾਂ ਸਿਰਸਾ ਵਿਖੇ ਸਾਡੇ ਭਾਈ ਨੇਚਰ ਸਿੰਘ ਸਪੁੱਤਰ ਮਾਸਟਰ ਗੁਰਲਾਭ ਸਿੰਘ ਵੱਲੋਂ ਨਵਾਂ ਕਾਰੋਬਾਰ

# 'ਗੁਰੂ ਨਾਨਕ ਟਾਇਲ ਅਤੇ ਗ੍ਰੇਨਾਈਟ' ਦਾ ਸ਼ੋਅਰੂਮ ਖੋਲਿਆ ਗਿਆ

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰੀਬਨ ਕੱਟ ਕੇ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ ਉਦਘਾਟਨ
















ਕਸਬਾ ਔਡਾਂ ਸਿਰਸਾ ਵਿਖੇ ਸਾਡੇ ਭਾਈ ਨੇਚਰ ਸਿੰਘ ਸਪੁੱਤਰ ਮਾਸਟਰ ਗੁਰਲਾਭ ਸਿੰਘ ਵੱਲੋਂ ਨਵਾਂ ਕਾਰੋਬਾਰ "ਗੁਰੂ ਨਾਨਕ ਟਾਇਲ ਅਤੇ ਗ੍ਰੇਨਾਈਟ" ਦਾ ਸ਼ੋਅਰੂਮ ਖੋਲਿਆ ਗਿਆ ਜਿਸ ਦਾ ਅੱਜ ਉਦਘਾਟਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰੀਬਨ ਕੱਟ ਕੇ ਆਪਣੇ ਕਰ ਕਮਲਾਂ ਨਾਲ ਕੀਤਾ ਗਿਆ ਇਸ ਸਮੇਂ ਭਾਈ ਅੰਮ੍ਰਿਤਪਾਲ ਸਿੰਘ ਔਡਾਂ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਆਵਾਜ਼ਿ ਕੌਮ AWAZE QAUM

### ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਇਆ ਖ਼ਾਲਸਾ ਮਾਰਚ

# ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਵਿਖੇ ਪੁੱਜ ਕੇ ਹੋਇਆ ਸੰਪੰਨ



**ਨਵੀਂ ਦਿੱਲੀ, 11 ਮਾਰਚ (ਮਨਪ੍ਰੀਤ ਸਿੰਘ ਖਾਲਸਾ)**:- ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਦੀ 300 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੀਤੇ ਦਿਨੀਂ ਆਰੰਭ ਹੋਇਆ 'ਗੁਰਸਿਖਾ ਇਕੋ ਪਿਆਰ ਗੁਰਮਿਤਾ ਪੁਤਾ ਭਾਈਆ' ਨਾਮ ਹੇਠ ਖ਼ਾਲਸਾ ਮਾਰਚ ਅੱਜ ਗੁਰਦੁਆਰਾ ਜਨਮ ਅਸਥਾਨ ਬਾਬਾ ਦੀਪ ਸਿੰਘ ਜੀ ਪਿੰਡ ਪਹੂਵਿੰਡ ਤੋਂ ਚੱਲ ਕੇ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਵਾਂ ਵਿਖੇ ਪੁੱਜ ਕੇ ਜੈਕਾਰਿਆਂ ਦੀ ਗੂੰਜ 'ਚ ਸੰਪੰਨ ਹੋਇਆ। ਨਗਰ ਕੀਰਤਨ ਦੀ ਰਵਾਨਗੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਜਨਮ ਅਸਥਾਨ ਬਾਬਾ ਦੀਪ ਸਿੰਘ ਜੀ ਪਹੂਵਿੰਡ ਵਿਖੇ ਸਜਾਏ ਗਏ ਧਾਰਮਿਕ ਦੀਵਾਨ ਮੌਕੇ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਇਸ ਦੌਰਾਨ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਖ਼ਾਲਸਾ ਮਾਰਚ ਗੁਰਦੁਆਰਾ ਜਨਮ ਅਸਥਾਨ ਬਾਬਾ ਦੀਪ ਸਿੰਘ ਜੀ ਪਹੂਵਿੰਡ ਤੋਂ ਚੱਲ ਕੇ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਸ਼ਹੀਦ ਭਾਈ ਤਾਰਾ ਸਿੰਘ ਜੀ ਪਿੰਡ ਵਾਂ ਵਿਖੇ ਪੁੱਜ ਕੇ ਸੰਪੰਨ ਹੋਇਆ। ਰਸਤੇ ਵਿਚ ਵੱਖ-ਵੱਖ ਪੜਾਵਾਂ 'ਤੇ ਖਾਲਸਾ ਮਾਰਚ ਦਾ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

### ਤਰਨਜੀਤ ਸਿੰਘ ਸੰਧੂ ਨੇ ਦਿੱਲੀ ਦੇ ਉਪਰਾਜਪਾਲ ਵਜੋਂ

# ਸਹੁੰ ਚੁੱਕਣ ਉਪਰੰਤ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਟੇਕਿਆ ਮੱਥਾ



**ਨਵੀਂ ਦਿੱਲੀ, 11 ਮਾਰਚ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਦੇ ਉਪਰਾਜਪਾਲ (ਐਲ ਜੀ) ਵਜੋਂ ਸਹੁੰ ਚੁੱਕਣ ਉਪਰੰਤ ਅੱਜ ਸਰਦਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਮੱਥਾ ਟੇਕ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ, ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਤੇ ਸ੍ਰੀ ਅਸ਼ੀਸ਼ ਸੂਦ ਵੀ ਮੌਜੂਦ ਸਨ। ਗੁਰੂ ਘਰ ਵਿਚ ਨਤਮਸਤਕ ਹੋਣ ਉਪਰੰਤ ਉਹਨਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਫਤਰ ਵਿਚ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨਾਲ ਮੁਲਾਕਾਤ ਕੀਤੀ। ਇਸ ਮੌਕੇ 'ਤੇ ਨਵ ਨਿਯੁਕਤ ਐਲ ਜੀ ਨਾਲ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਦੀ ਅਗਵਾਈ ਹੇਠ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟੀਮ ਨੇ ਉਹਨਾਂ ਨਾਲ ਸਿੱਖ ਮਸਲਿਆਂ 'ਤੇ ਚਰਚਾ ਕੀਤੀ। ਇਸ ਬਾਰੇ ਜਾਣਕਾਰੀ ਦਿੰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਦੱਸਿਆ ਕਿ ਸਰਦਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਦਿੱਲੀ ਦਾ ਐਲ ਜੀ ਨਿਯੁਕਤ ਹੋਣ ਨਾਲ ਦਿੱਲੀ ਦੇ ਸਿੱਖ ਭਾਈਚਾਰੇ ਨਾਲ ਸਬੰਧਤ ਮਸਲਿਆਂ ਦੇ ਹੱਲ ਵਾਸਤੇ ਨਵੀਂ ਆਸ ਦੀ ਕਿਰਨ ਜਾਗੀ ਹੈ। ਉਹਨਾਂ ਕਿਹਾ ਕਿ ਸਰਦਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੇ ਪਿਤਾ ਸਰਦਾਰ ਬਿਸ਼ਨ ਸਿੰਘ ਸਮੁੰਦਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸੰਸਥਾਪਕ ਵਾਈਸ ਚਾਂਸਲਰ ਸਨ ਤੇ ਉਹਨਾਂ ਦੇ ਦਾਦਾ ਸਰਦਾਰ ਤੇਜਾ ਸਿੰਘ ਸਮੁੰਦਰੀ ਸਿੱਖ ਕੌਮ ਦੇ ਮਹਾਨ ਨਾਇਕ ਸਨ। ਉਹਨਾਂ ਕਿਹਾ ਕਿ ਇਹ ਸਮੁੰਦਰੀ ਪਰਿਵਾਰ ਸਿੱਖ ਕੌਮ ਦੀ ਵੱਡੀ ਸੇਵਾ ਵਾਸਤੇ ਜਾਣਿਆ ਜਾਂਦਾ ਹੈ। ਉਹਨਾਂ ਕਿਹਾ ਕਿ ਸਰਦਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਦੀ ਨਿਯੁਕਤੀ ਸਮੁੱਚੀ ਦਿੱਲੀ ਵਾਸਤੇ ਬਹੁਤ ਹੀ ਲਾਭਦਾਇਕ ਸਿੱਧ ਹੋਵੇਗੀ, ਇਹ ਸਪਸ਼ਟ ਨਜ਼ਰ ਆ ਰਿਹਾ ਹੈ। ਇਸ ਮੌਕੇ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਨਵ ਨਿਯੁਕਤ ਐਲ ਜੀ ਸਰਦਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ, ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਤੇ ਹੋਰਨਾਂ ਨੂੰ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਨਾ ਸਿਰਫ ਗੁਰਦੁਆਰਾ ਪ੍ਰਬੰਧਾਂ ਬਲਕਿ ਸਿਹਤ ਤੇ ਸਿੱਖਿਆ ਵਿਚ ਕੀਤੇ ਜਾਣ ਵਾਲੇ ਕਾਰਜਾਂ ਤੋਂ ਜਾਣੂ ਕਰਵਾਇਆ। ਉਹਨਾਂ ਦੱਸਿਆ ਕਿ ਕਿਵੇਂ ਅਸੀਂ 50 ਰੁਪਏ ਐਮ ਆਰ ਆਈ ਟੈਸਟ ਕਰ ਰਹੇ ਹਾਂ, ਮੁਫਤ ਵਿਚ ਡਾਇਲਸਿਸ ਕਰ ਰਹੇ ਹਾਂ ਤੇ ਕਿਵੇਂ ਲੋਕਾਂ ਨੂੰ ਤਕਰੀਬਨ ਮੁਫਤ ਵਰਗੇ ਟੈਸਟਾਂ ਅਤੇ 90 ਫੀਸਦੀ ਸਸਤੀਆਂ ਦਵਾਈਆਂ ਦਾ ਲਾਭ ਮਿਲ ਰਿਹਾ ਹੈ। ਇਹਨਾਂ ਸੇਵਾਵਾਂ ਦੀ ਜਾਣਕਾਰੀ ਲੈਣ 'ਤੇ ਐਲ ਜੀ ਸਰਦਾਰ ਸੰਧੂ ਸਮੁੰਦਰੀ ਤੇ ਮੁੱਖ ਮੰਤਰੀ ਸ੍ਰੀਮਤੀ ਰੇਖਾ ਗੁਪਤਾ ਨੇ ਬਹੁਤ ਹੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਤੇ ਭਰੋਸਾ ਦੁਆਇਆ ਕਿ ਆਉਂਦੇ ਸਮੇਂ ਵਿਚ ਦਿੱਲੀ ਸਰਕਾਰ ਵੀ ਦਿੱਲੀ ਗੁਰਦੁਆਰਾ ਕਮੇਟੀ ਨੂੰ ਹੋਰ ਵੱਡਮੁੱਲਾ ਸਹਿਯੋਗ ਦੇਵੇਗੀ। ਇਸ ਮੌਕੇ ਕਮੇਟੀ ਅਹੁਦੇਦਾਰ, ਮੈਂਬਰ ਤੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਢੀਂਡਸਾ ਨੇ ਦਿਓਲ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ, ਪੰਜਾਬ ਦੇ ਸਾਬਕਾ ਵਿੱਤ ਮੰਤਰੀ ਸ, ਪਰਮਿੰਦਰ ਸਿੰਘ ਢੀਡਸਾ ਨੇ ਵਿਧਾਨ ਸਭਾ ਹਲਕਾ ਧੂਰੀ ਦੇ ਪਿੰਡ ਬੇਨੜਾ ਵਿਖੇ ਅਮ੍ਰਿਤਪਾਲ ਸਿੰਘ ਦਿਓਲ ਦੇ ਸਪੁੱਤਰ ਅਜੈਵੀਰ ਸਿੰਘ ਦਿਓਲ ਪਰਿਵਾਰ ਦੁੱਖ ਸਾਂਝਾ ਕੀਤਾ। ਜਿਕਰਯੋਗ ਹੈ ਕਿ ਦਿਉਲ ਪਰਿਵਾਰ ਦੇ ਫਰਜੰਦ ਅਜੈਵੀਰ ਸਿੰਘ ਪਰਿਵਾਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ, ਸ, ਢੀਡਸਾ ਪਰਿਵਾਰ ਦੇ ਨਾਲ ਦੁੱਖ ਸਾਂਝਾ ਕਰਨ ਲਈ ਆਏ ਸੀ। ਇਸ ਮੌਕੇ ਉਹਨਾਂ ਦੇ ਨਾਲ ਪਰਮਜੀਤ ਸਿੰਘ ਪੰਮਾ ਬਾਠ, ਸੁਖਪਾਲ ਸ਼ਰਮਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੋਮਣੀ ਕਮੇਟੀ ਨੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਨੂੰ ਦਿੱਤੀ 15 ਲੱਖ ਰੁਪਏ ਦੀ ਸਹਾਇਤਾ



**ਅੰਮ੍ਰਿਤਸਰ, 10 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਨੂੰ 15 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੁਸਾਇਟੀ ਦੇ ਨੁਮਾਇੰਦਿਆਂ ਨੂੰ ਸੌਂਪਿਆ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਨੂੰ ਮਾਲੀ ਸਹਿਯੋਗ ਕੀਤਾ ਜਾਂਦਾ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਭਲਾਈ ਲਈ ਲਾਮਿਸਾਲ ਸੇਵਾ ਕੀਤੀ ਹੈ, ਜਿਨ੍ਹਾਂ ਦੀ ਸੋਚ ਨੂੰ ਪਿੰਗਲਵਾੜਾ ਸੁਸਾਇਟੀ ਵੱਲੋਂ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮਨੁੱਖਤਾ ਦੀ ਭਲਾਈ ਲਈ ਕੀਤੇ ਜਾਂਦੇ ਕਾਰਜਾਂ ਲਈ ਹਮੇਸ਼ਾ ਮੋਹਰੀ ਭੂਮਿਕਾ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫੈਸਲੇ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸੇਵਾ ਕਾਰਜਾਂ ਲਈ ਹਰ ਸਾਲ 15 ਲੱਖ ਰੁਪਏ ਸਹਾਇਤਾ ਦਿੱਤੀ ਜਾਂਦੀ ਹੈ। ਇਸੇ ਤਹਿਤ ਹੀ ਅੱਜ ਇਹ ਰਾਸ਼ੀ ਪ੍ਰਬੰਧਕਾਂ ਨੂੰ ਸੌਂਪੀ ਗਈ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ. ਸੁਰਜੀਤ ਸਿੰਘ ਰਾਏਪੁਰ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ ਸਮੇਤ ਹੋਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਪੈਨਸ਼ਨਰਜ਼ ਐਸੋਸੀਏਸ਼ਨ, ਪੀਐਸਸੀਐਲ ਸਿਟੀ ਡਿਵੀਜ਼ਨ, ਹੁਸ਼ਿਆਰਪੁਰ ਦੀ ਹੋਈ ਮਹੀਨਾਵਾਰ ਮੀਟਿੰਗ

### 8 ਮਾਰਚ ਦੀ ਰੈਲੀ ਤੋਂ ਬਾਅਦ, ਸ਼ਾਂਤੀ ਪੂਰਵਕ ਮਾਰਚ ਕਰ ਰਹੇ ਕਰਮਚਾਰੀਆਂ 'ਤੇ ਪਾਣੀ ਦੀਆਂ ਤੋਪਾਂ ਅਤੇ ਕੀਤੇ ਲਾਠੀਚਾਰਜ ਦੀ ਕੀਤੀ ਸਖ਼ਤ ਨਿਖੇਧੀ

**ਹੁਸ਼ਿਆਰਪੁਰ, 11 ਮਾਰਚ (ਆਵਾਜ਼ਿ ਕੌਮ ਬਿਊਰੋ)**-ਪੈਨਸ਼ਨਰਜ਼ ਐਸੋਸੀਏਸ਼ਨ, ਪੀਐਸਸੀਐਲ ਸਿਟੀ ਡਿਵੀਜ਼ਨ, ਹੁਸ਼ਿਆਰਪੁਰ ਦੀ ਮਾਸਿਕ ਮੀਟਿੰਗ ਸ੍ਰੀ ਖੁਸ਼ੀ ਰਾਮ ਧੀਮਾਨ, ਪ੍ਰਧਾਨ, ਸ਼ਹਿਰੀ ਡਿਵੀਜ਼ਨ, ਹੁਸ਼ਿਆਰਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਖੁਸ਼ੀ ਰਾਮ ਧੀਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕਰਮਚਾਰੀ ਯੂਨੀਅਨਾਂ ਅਤੇ ਪੈਨਸ਼ਨਰਜ਼ ਐਸੋਸੀਏਸ਼ਨਾਂ ਨੂੰ ਮੀਟਿੰਗ ਦਾ ਸਮਾਂ ਨਹੀਂ ਦੇ ਰਹੀ ਹੈ। ਪੰਜਾਬ ਦੀਆਂ ਸਾਰੀਆਂ ਕਰਮਚਾਰੀ ਅਤੇ ਪੈਨਸ਼ਨਰਜ਼ ਐਸੋਸੀਏਸ਼ਨਾਂ ਦੇ ਫੈਸਲੇ ਅਨੁਸਾਰ, ਪੰਜਾਬ ਸਰਕਾਰ ਦੇ ਬਜਟ ਸੀਜ਼ਨ ਦੌਰਾਨ 8 ਮਾਰਚ ਤੋਂ 11 ਮਾਰਚ, 2026 ਤੱਕ ਚੰਡੀਗੜ੍ਹ ਦੀ ਵਿਧਾਨ ਸਭਾ ਵਿਖੇ ਲਗਾਤਾਰ ਰੈਲੀਆਂ ਅਤੇ ਮਾਰਚ ਕੀਤੇ ਜਾਣਗੇ। 8 ਮਾਰਚ ਦੀ ਰੈਲੀ ਤੋਂ ਬਾਅਦ, ਸ਼ਾਂਤੀ ਪੂਰਵਕ ਮਾਰਚ ਕਰ ਰਹੇ ਕਰਮਚਾਰੀਆਂ 'ਤੇ ਪਾਣੀ ਦੀਆਂ ਤੋਪਾਂ ਅਤੇ ਲਾਠੀਚਾਰਜ ਕੀਤਾ ਗਿਆ। ਇਸਦੀ ਸਖ਼ਤ ਨਿੰਦਾ ਕੀਤੀ ਗਈ। ਸਰਕਾਰ ਨੂੰ ਕਰਮਚਾਰੀਆਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਦੀ ਅਪੀਲ ਕੀਤੀ ਗਈ। ਪੰਜਾਬ ਸਰਕਾਰ ਨੇ ਆਪਣੇ ਬਜਟ ਵਿੱਚ ਕਰਮਚਾਰੀ ਭਾਈਚਾਰੇ ਲਈ ਕੁਝ ਵੀ ਨਹੀਂ ਦਿੱਤਾ ਹੈ। ਆਪਣੇ ਸੰਬੋਧਨ ਵਿੱਚ, ਆਗੂਆਂ ਨੇ ਪੰਜਾਬ ਸਰਕਾਰ ਨੂੰ ਕਰਮਚਾਰੀ ਯੂਨੀਅਨਾਂ ਅਤੇ ਪੈਨਸ਼ਨਰਜ਼ ਐਸੋਸੀਏਸ਼ਨਾਂ ਨਾਲ ਮੁਲਾਕਾਤ ਕਰਨ ਅਤੇ ਸਹਿਮਤ ਹੋਈਆਂ ਜਾਇਜ਼ ਮੰਗਾਂ ਨੂੰ ਲਾਗੂ ਕਰਨ ਦੀ ਅਪੀਲ ਕੀਤੀ। ਕਰਮਚਾਰੀ ਅਤੇ ਪੈਨਸ਼ਨਰ ਆਪਣੀਆਂ ਮੰਗਾਂ ਨੂੰ ਲੈ ਕੇ ਕਾਫ਼ੀ ਸਮੇਂ ਤੋਂ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਕਰਮਚਾਰੀਆਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲਾਗੂ ਨਹੀਂ ਕਰਦੀ ਹੈ, ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਦੇ ਨਤੀਜੇ ਭੁਗਤਣੇ ਪੈਣਗੇ। ਆਗੂਆਂ ਨੇ ਮੰਗ ਕੀਤੀ 1/1/2016 ਤੋਂ ਪਹਿਲਾਂ ਸੇਵਾਮੁਕਤ ਹੋਏ ਕਰਮਚਾਰੀਆਂ ਦੇ ਸਕੇਲਾਂ ਵਿੱਚ 2.59 ਦਾ ਗੁਣਕ ਲਾਗੂ ਕਰਕੇ ਸੋਧ ਕੀਤੀ ਜਾਵੇ, ਛੇਵੀਂ ਤਨਖਾਹ ਸੋਧ ਦੇ ਬਕਾਏ ਇੱਕਮੁਸ਼ਤ ਭੁਗਤਾਨ ਕੀਤੇ ਜਾਣ, ਬਕਾਇਆ 16% ਮਹਿੰਗਾਈ ਭੱਤਾ ਜਲਦੀ ਜਾਰੀ ਕੀਤਾ ਜਾਵੇ, ਮੈਡੀਕਲ ਭੱਤਾ ਵਧਾ ਕੇ 2,000 ਪ੍ਰਤੀ ਮਹੀਨਾ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਠੇਕਾ ਪ੍ਰਣਾਲੀ ਖਤਮ ਕੀਤੀ ਜਾਵੇ, ਸਾਰੇ ਕੱਚੇ ਕਰਮਚਾਰੀਆਂ ਨੂੰ ਪੱਕੇ ਕੀਤਾ ਜਾਵੇ।

### ਗੁਰਦੁਆਰਾ ਸਾਹਿਬ ਜੀ ਦੇ ਨਜਦੀਕ ਅੱਡੇ ਮੀਟ ਦੀਆਂ ਦੁਕਾਨਾਂ ਕਰ ਰਹੀਆਂ ਬੇਅਦਬੀ ਨਿਸ਼ਾਨਦੇਹੀ ਹੋ ਚੁੱਕੀ

# ਜਲਦੀ ਤੋਂ ਜਲਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ : ਨਹਿਰੀ ਵਿਭਾਗ ਪਟਵਾਰੀ ਕਿਰਪਾਲ ਸਿੰਘ

**ਜੰਡਿਆਲਾ ਗੁਰੂ 11 ਮਾਰਚ ( ਕੁਲਵੰਤ ਸਿੰਘ ਵਿਰਦੀ )-** ਪੰਜਾਬ ਗੁਰੂਆਂ ਪੀਰਾਂ ਪੈਗੰਬਰਾਂ ਫਕੀਰਾਂ ਦੀ ਧਰਤੀ ਹੈ।, ਪੂਰੀ ਦੁਨੀਆ ਵਿੱਚ ਪੰਜਾਬ ਨੂੰ ਮਿਲੀ ਇਸ ਵਡਿਆਈ ਦੀ ਗਾਥਾ ਨੂੰ ਲੋਕ ਭਲੀ ਭਾਤ ਜਾਣਦੇ ਹਨ, ਪੰਜਾਬ ਦੀ ਧਰਤੀ ਉਪਜਾਊ ਪੰਜਾਬ ਦਾ ਜਲ ਪਵਿੱਤਰ, ਪੰਜਾਬ ਦੀ ਧਰਤੀ ਨੂੰ ਗੁਰੂਆਂ ਪੀਰਾਂ ਨੇ ਭਾਗ ਲਾਏ ਹਨ।, ਪੰਜਾਬ ਦੀ ਧਰਤੀ ਤੇ ਬਹੁਤ ਹੀ ਇਤਿਹਾਸਿਕ ਗੁਰਦੁਆਰੇ ਸੁਸ਼ੋਭਿਤ ਹਨ ਪੰਜਾਬ ਦੇ ਪਿੰਡਾਂ ਵਿੱਚ ਬਹੁਤ ਹੀ ਇਤਿਹਾਸਿਕ ਅਸਥਾਨ ਦੇ ਨਾਲ ਨਾਲ ਮੁਹੱਲਿਆਂ ਵਿੱਚ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ।, ਜਿੱਥੇ ਕਿ ਇਲਾਕਾ ਨਿਵਾਸੀ ਸ਼ਾਮ ਸਵੇਰੇ ਗੁਰੂ ਮਹਾਰਾਜ ਦੇ ਦਰਬਾਰ ਤੇ ਹਾਜ਼ਰੀ ਲਵਾ ਕੇ ਆਪਣੇ ਦਿਨ ਦੀ ਸੁਰੂਆਤ ਕਰਦੇ ਹਨ ਤੇ ਆਪਣਾ ਜੀਵਨ ਸਫਲਾ ਕਰਦੇ ਹਨ।ਜਿੱਥੇ ਗੁਰੂ ਸਾਹਿਬਾਨਾਂ ਵੱਲੋਂ ਸਿੱਖ ਨੂੰ ਬਾਣੀ ਪੜ੍ਹ ਸੁਣਨ ਦੇ ਬਚਨ ਹਨ ਉਥੇ ਹੀ ਪੂਰੀ ਰਹਿਤ ਮਰਿਆਦਾ ਵਿਚ ਰਹਿਣ ਦੇ ਵੀ ਹੁਕਮ ਬਖਸ਼ੇ ਗਏ ਹਨ, ਗੁਰੂ ਮਹਾਰਾਜ ਜੀ ਦਾ ਅਦਬ ਸਤਿਕਾਰ ਕਰਨਾ ਸਾਡਾ ਸਭ ਦਾ ਫਰਜ਼ ਹੈ, ਪਰ ਇਸੇ ਸਤਿਕਾਰ ਨੂੰ ਬਰਕਰਾਰ ਰੱਖਦੇ ਹੋਏ ਇਸਦੇ ਉਲਟ ਗੁਰੂ ਮਹਾਰਾਜ ਜੀ ਦੀਆਂ ਹੋ ਰਹੀਆਂ ਬੇਅਦਬੀਆਂ, ਜੋ ਕਿ ਬਹੁਤ ਹੀ ਚਿੰਤਾਜਨਕ ਹਨ ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ ਸਭ ਆਪਣੀਆ ਵੋਟਾਂ ਦੀ ਖਾਤਿਰ ਰਾਜਨੀਤਕ ਦਾਅ ਪੇਚ ਖੇਡਦੀਆ ਆ ਰਹੀਆ ਹਨ।ਪਰ ਕਿਸੇ ਵੀ ਸਰਕਾਰ ਨੇ ਬੇਅਦਬੀਆਂ ਦੇ ਪ੍ਰਤੀ ਕੋਈ ਸਖਤ ਕਾਨੂੰਨ ਬਣਾਉਣ ਤੋਂ ਪਾਸਾ ਹੀ ਵੱਟਿਆ ਹੈ । ਜਿੰਨਾ ਚਿਰ ਬੇਅਦਬੀਆਂ ਦੇ ਪ੍ਰਤੀ ਕੋਈ ਸਖਤ ਕਾਨੂੰਨ ਨਹੀਂ ਬਣਦਾ ਉਨਾ ਚਿਰ ਬੇਅਦਬੀਆਂ ਨੂੰ ਰੋਕਣਾ ਸਰਕਾਰ ਦੇ ਵਸਦੀ ਗੱਲ ਨਹੀਂ ਹੈ।, ਅਤੇ ਜੇ ਕੋਈ ਬੇਅਦਬੀ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਨੂੰ ਦਿਮਾਗੀ ਹਾਲਤ ਠੀਕ ਨਾ ਹੋਣ ਦਾ ਬਹਾਨਾ ਬਣਾ ਕੇ ਉਸ ਤੇ ਕਾਰਵਾਈ ਕੀਤੀ ਜਾਂਦੀ,ਹੈ ਇੱਕ ਬੇਅਦਬੀ ਹੁੰਦੀ ਹੈ ਕਿ ਜੋ ਵਿਅਕਤੀ ਬੇਅਦਬੀ ਕਰਦਾ ਹੈ ਉਹ ਲੋਕਾਂ ਦੇ ਡਰ ਤੋਂ ਚੋਰੀ ਛਿਪੇ ਬੇਅਦਬੀ ਕਰਦਾ ਹੈ।, ਪਰ ਕੁਝ ਗੁਰੂ ਮਹਾਰਾਜ ਦੇ ਸਤਿਕਾਰ ਦੀਆਂ ਬੇਅਦਬੀਆਂ ਅਜਿਹੀਆਂ ਵੀ ਹਨ ਜੋ ਸਾਨੂੰ ਰੋਜ਼ ਹੀ ਵੇਖਣ ਨੂੰ ਮਿਲਦੀਆਂ ਹਨ।, ਅਤੇ ਉਹ ਬੇਅਦਬੀਆਂ ਅਸੀਂ ਅੱਖੀ ਵੇਖਦੇ ਹੋਏ ਵੀ ਅਣਡਿੱਠੀਆਂ ਕਰ ਦਿੰਦੇ ਹਾਂ, ਜਿਸ ਦੀ ਤਾਜ਼ਾ ਮਿਸਾਲ ਜੰਡਿਆਲਾ ਗੁਰੂ ਦੇ ਸ਼ਹਿਰ ਅਤੇ ਜੀਟੀ ਰੋਡ ਐਨਐਚ ਵਨ ਹਾਈਵੇ ਤੇ ਵੱਸੇ ਕਸਬਾ ਟਾਂਗਰਾ ਵਿਖੇ, ਗੁਰਦੁਆਰਾ ਸਿੰਘ ਸਭਾ ਸਾਹਿਬ ਜੀ ਦੇ ਰਸਤੇ ਵਿੱਚ ਮੀਟ ਦੀਆਂ ਖੁੱਲੀਆ ਵੱਡੀਆਂ ਵੱਡੀਆਂ ਦੋ ਦੁਕਾਨਾਂ ਤੋਂ ਮਿਲਦੀ ਹੈ ਇੱਥੇ ਇਹ ਦੱਸਣ ਯੋਗ ਹੈ ਕਿ ਇਹ ਮੀਟ ਦੀਆਂ ਦੋ ਵੱਡੀਆਂ ਦੁਕਾਨਾਂ ਜੋ ਕਿ ਅੱਡਾ ਟਾਂਗਰਾ ਵਿਖੇ ਸਥਿਤ ਹਨ, ਅਤੇ ਇਸ ਦੀ ਕੁਝ ਹੀ ਦੂਰੀ ਤੇ ਜੀਵਨ ਸਫਲਾ ਬਣਾਉਣ ਵਾਸਤੇ ਗੁਰਦੁਆਰਾ ਸਿੰਘ ਸਭਾ ਵੀ ਸੁਸ਼ੋਭਿਤ ਹੈ,ਜੋ ਕਿ ਬਹੁਤ ਹੀ ਪੁਰਾਤਨ ਗੁਰਦੁਆਰਾ ਹੈ ਅਤੇ ਇਥੇ ਸਵੇਰੇ ਸ਼ਾਮ ਨੂੰ ਸੰਗਤਾਂ ਦਰਸ਼ਨ ਕਰਣ ਆਉਂਦੀਆਂ ਹਨ।ਪਹਿਲੀ ਗੱਲ ਤਾਂ ਇਹ ਹੈ ਕਿ ਇੱਥੇ ਰੋਜ਼ ਹੀ ਸਵਾਰੀਆਂ ਦਾ ਠਹਿਰਾਓ ਵੀ ਹੁੰਦਾ ਹੈ ਕਿਉਂਕਿ ਅੱਡਾ ਟਾਂਗਰਾ ਵਿੱਚ ਕੋਈ ਵੀ ਬੱਸ ਦੀ ਸਵਾਰੀ ਬੱਸ ਦੀ ਉਡੀਕ ਵਿੱਚ ਇੱਥੇ ਹੀ ਰੁਕਦੀ, ਹੈ ਤਾਂ ਉਸ ਵਾਸਤੇ ਇੱਥੇ ਠਹਿਰਨਾ ਬਹੁਤ ਹੀ ਮੁਸ਼ਿਕਲ ਹੋ ਜਾਂਦਾ ਹੈ ਕਿਉਂਕਿ ਇਥੋਂ ਮੀਟ ਦੀ ਭੈੜੀ ਬਦਬੋ ਦਾ ਸਾਹਮਣਾ ਕਰਨਾ ਪੈਂਦਾ ਹੈ।, ਅਤੇ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਸੰਗਤ ਨੂੰ ਵੀ ਇਸ ਭੈੜੀ ਬਦਬੂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਕਿ ਸਤਿਗੁਰੂ ਦੇ ਸਤਿਕਾਰ ਦੀ ਬਹੁਤ ਵੱਡੀ ਬੇਅਦਬੀ ਹੈ।, ਅਤੇ ਫਿਰ ਇਹ ਦੁਕਾਨਦਾਰ ਮੁਰਗਿਆਂ ਦਾ ਗੰਦਾ ਪਾਣੀ ਜਿਸ ਵਿੱਚ ਮੁਰਗਿਆਂ ਨੂੰ ਧੋਂਦੇ ਹਨ ਉਹ ਸੜਕ ਵਿਚਕਾਰ ਡੋਲ ਦਿੰਦੇ ਹਨ। ਜਿੱਥੋਂ ਕਿ ਸੰਗਤ ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾਂਦੀ ਉਸ ਉੱਪਰੋਂ ਦੀ ਲੰਘਦੀ ਹੈ, ਇਹ ਸਭ ਕੁਝ ਕਰਨਾ ਵੀ ਗੁਰੂ ਮਹਾਰਾਜ ਦੇ ਸਤਿਕਾਰ ਦੀ ਬੇਅਦਬੀ ਦਾ ਦੂਜਾ ਰੂਪ ਹੈ।, ਗੁਰੂ ਮਹਾਰਾਜ ਦੇ ਸਤਿਕਾਰ ਨੂੰ ਮੁੱਖ ਰੱਖਦਿਆ ਪਿੰਡ ਛੱਜਲਵੱਡੀ ਦੀ ਪੰਚਾਇਤ ਵਜੋਂ ਇਹਨਾਂ ਖੋਖਿਆਂ ਨੂੰ ਚੁਕਵਾਉਣ ਸਬੰਧੀ ਮਤਾ ਵੀ ਪਾਇਆ ਗਿਆ, ਇੱਥੇ ਇਹ ਦੱਸਣ ਯੋਗ ਹੈ ਕਿ ਟਾਂਗਰੇ ਕਸਬੇ ਦਾ ਅੱਡਾ ਜੋ ਕਿ 15 ਤੋ 20 ਪਿੰਡਾਂ ਦਾ ਸਾਂਝਾ ਅੱਡਾ ਹੈ।, ਅਤੇ ਇਹਨਾਂ ਸਾਰੇ ਪਿੰਡਾਂ ਦੀਆਂ ਸਵਾਰੀਆਂ ਬੱਸ ਦੀ ਉਡੀਕ ਵਿੱਚ ਟਾਂਗਰੇ ਅੱਡੇ ਤੇ ਹੀ ਰੁਕਦੀਆਂ ਹਨ। ਜਿੱਥੇ ਕਿ ਗੁਰਦੁਆਰੇ ਦੀ ਸੰਗਤ ਨੂੰ ਵੀ ਇਸ ਮੁਸ਼ਿਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਉੱਥੇ ਹੀ ਰੋਜ਼ ਦੇ ਲੰਘਣ ਵਾਲਿਆਂ ਨੂੰ ਵੀ ਇਸ ਭਾਰੀ ਮੁਸ਼ਿਕਲ ਦਾ ਸਾਹਮਣਾ ਕਰਨਾ ਪੈਂਦਾ ਹੈ।, ਇਸ ਸਬੰਧੀ ਅੱਡਾ ਟਾਂਗਰਾ ਦੇ ਵਸਨੀਕ ਗੁਰਦੇਵ ਸਿੰਘ ਆਰੇ ਵਾਲਿਆਂ ਹੁਣਾਂ ਨੇ ਦੱਸਿਆ ਕਿ ਅਸੀਂ ਲਿਖਤੀ ਦਰਖਾਸਤਾਂ ਵੀ ਐਸਡੀਐਮ ਬਾਬਾ ਬਕਾਲਾ ਸਾਹਿਬ ਨੂੰ ਦੇ ਚੁੱਕੇ ਹਾਂ।, ਇਸ ਲਿਖਤੀ ਦਰਖਾਸਤਾਂ ਤੇ ਕਾਰਵਾਈ ਕਰਦਿਆਂ ਐਸਡੀਐਮ ਬਾਬਾ ਬਕਾਲਾ ਸਾਹਿਬ ਵੱਲੋਂ, ਕੁਝ ਦਿਨ ਪਹਿਲਾਂ ਹੀ ਇਹਨਾਂ ਦੁਕਾਨਾਂ ਦੀ ਨਿਸ਼ਾਨਦੇਹੀ ਕਰਵਾਈ ਗਈ ਸੀ।, ਇਸ ਨਿਸ਼ਾਨਦੇਹੀ ਦੇ ਸਬੰਧਤ ਜਦੋਂ ਕਾਨੂੰਗੋ ਤਰਸਿਕਾ ਸਤਨਾਮ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਹਨਾਂ ਨੇ ਕਿਹਾ ਕਿ ਜੋ ਸਾਡੀ ਕਾਰਵਾਈ ਹੈ ਅਸੀਂ ਉਸਦੇ ਮੁਤਾਬਿਕ ਨਿਸ਼ਾਨੀਆਂ ਲਗਾ ਕੇ ਦੇ ਆਏ ਹਾਂ ਅਤੇ ਉਸ ਨਿਸ਼ਾਨਦੇਹੀ ਦੇ ਮੁਤਾਬਿਕ ਕੁਝ ਖੋਖੇ ਨਹਿਰੀ ਵਿਭਾਗ ਦੀ ਜਮੀਨ ਵਿੱਚ ਆਉਂਦੇ ਹਨ ਅਤੇ ਕੁਝ ਖੋਖੇ ਪੀ ਡਬਲਿਊ ਡੀ ਮਹਿਕਮੇ ਦੀ ਜਮੀਨ ਵਿੱਚ ਆਉਂਦੇ ਹਨ। ਜਦੋਂ ਇਸ ਸਬੰਧੀ ਪੀ ਡਬਲਿਊ ਡੀ ਮਹਿਕਮੇ ਦੇ ਐਸਡੀਓ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਕਿਹਾ ਕਿ ਅਜੇ ਸਾਡੇ ਤੱਕ ਰਿਪੋਰਟ ਬਣ ਕੇ ਨਹੀਂ ਆਈ, ਉਸ ਤੋਂ ਬਾਅਦ ਨਹਿਰੀ ਵਿਭਾਗ ਦੇ ਪਟਵਾਰੀ ਕਿਰਪਾਲ ਸਿੰਘ ਨਾਲ ਗੱਲ ਕੀਤੀ ਤਾਂ ਉਨਾਂ ਨੇ ਕਿਹਾ ਕਿ ਇਹ ਮਾਮਲਾ ਸਾਡੇ ਧਿਆਨ ਵਿੱਚ ਹੈ ਨਿਸ਼ਾਨਦੇਹੀ ਵੀ ਹੋ ਚੁੱਕੀ ਹੈ। ਅਤੇ ਅਸੀਂ ਜਲਦੀ ਤੋਂ ਜਲਦੀ ਜੋ ਵੀ ਕਾਨੂੰਨੀ ਕਾਰਵਾਈ ਹੋਵੇਗੀ ਉਸਦੇ ਮੁਤਾਬਿਕ ਇਹ ਕਾਰਵਾਈ ਕਰਾਂਗੇ, ਹੁਣ ਵੇਖਣਾ ਇਹ ਹੋਵੇਗਾ ਕਿ ਟਾਗਰੇ ਅੱਡੇ ਤੇ ਇਹਨਾਂ ਖੋਖਿਆਂ ਨੂੰ ਚੁਕਵਾਉਣ ਵਿੱਚ ਮਹਿਕਮੇ ਦੇ ਅਧਿਕਾਰੀ ਕਿੰਨਾ ਸਮਾਂ ਗੁਜ਼ਾਰਦੇ ਹਨ, ਕਿਉਂਕਿ ਇਹ ਮਸਲਾ ਗੁਰਦੁਆਰਾ ਸਾਹਿਬ ਦਾ ਤੇ ਗੁਰੂ ਸਾਹਿਬ ਦੀ ਮਰਿਆਦਾ ਦਾ ਮਸਲਾ ਹੈ ਅਤੇ ਇਸ ਮਸਲੇ ਨੂੰ ਜਲਦੀ ਤੋਂ ਜਲਦੀ ਹੱਲ ਕਰਨਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਇਸ ਭੈੜੀ ਬਦਬੂ ਤੋ ਨਿਯਾਤ ਮਿਲ ਸਕੇ ਅਤੇ ਗੁਰੂ ਮਹਾਰਾਜ ਜੀ ਦੇ ਸਤਿਕਾਰ ਨੂੰ ਬਹਾਲ ਰੱਖਿਆ ਜਾਵੇ।





ਆਵਾਜ਼ਿ ਕੌਮ AWAZE QAUM International Newspaper & WEB TV

# ਮਿਸ਼ਨ - ਸਰਬੱਤ ਦਾ ਭੱਲਾ



ਅੱਜ ਮਿੱਤੀ 11 ਮਾਰਚ ਨੂੰ ਦੱਤਾ ਇਨਕਲੇਵ ਸਰਭ ਧਰਮ ਸਾਂਝਾ ਫਰੰਟ ( ਪੰਜਾਬ )ਦੇ ਮੁੱਖ ਦਫਤਰ ਵਿੱਖੇ ਮੀਟਿੰਗ ਹੋਈ ਜਿਸ ਵਿੱਚ ਚੇਅਰਮੈਨ ਬਿਕਰਮ ਦੱਤਾ ਵੱਲੋ ਸਰਭ ਧਰਮ ਸਾਂਝੀ ਮੋਟਰਸਾਈਕਲ ਯਾਤਰਾ 25 ਮਾਰਚ ਨੂੰ ਕਡਣ ਲਈ 7 ਮੈਂਬਰੀ ਕਮੇਟੀ ਦਾ ਗਠਣ ਕੀਤਾ ਗਿਆ ਜਿਸ ਵਿੱਚ ਸੁਰਿੰਦਰਪਾਲ ਸਿੰਘ ਸਿੱਖ ਭਾਈ ਚਾਰੇ , ਅਜੇ ਸੇਠ ਹਿੰਦੂ ਭਾਈ ਚਾਰਾ ਅਬਦੁੱਲ ਨੂਰ ਮੁਸਲਿਮ ਭਾਈ ਚਾਰਾ, ਜਸਪਾਲ ਮਸੀਹ ਇਸਾਈ ਭਾਈ ਚਾਰਾ, ਰਜੀਵ ਭਗਤ ਕਬੀਰ ਭਾਈ ਚਾਰਾ, ਸੰਨੀ ਦਾਨਵ ਬਾਲਮੀਕ ਭਾਈ ਚਾਰਾ, ਹਕੂਮਤ ਰਾਏ ਭਗਤ ਰਵਿਦਾਸ ਭਾਈ ਚਾਰਾ, ਅਤੇ ਇਕਬਾਲ ਸਿੰਘ ਤੁੰਗ ਨੂੰ ਮੁੱਖ ਬੁਲਾਰਾ ,ਨਿਯੁਕਤ ਕੀਤਾ ਗਿਆ ਹੈ ਅੱਜ ਦੀ ਮੀਟਿੰਗ ਵਿੱਚ ਸਫਲਤਾਪੂਰਵਕ ਸਹਿਮਤੀ ਨਾਲ 3 ਮੁੱਖ ਮੱਤੇ ਪਾਸ ਕੀਤੇ ਗਏ ਜਿਸ ਵਿੱਚ 17 ਮਾਰਚ ਨੂੰ ਮੁੱਖ ਦਫਤਰ ਦੱਤਾ ਇਨਕਲੇਵ ਸਰਭ ਧਰਮ ਸਾਂਝੀ ਪ੍ਰੈੱਸ ਕਾਨਫਰੰਸ 3 ਵੱਜੇ ਕੀਤੀ ਜਾਏ ਗੀ ਅਤੇ ਜਿਸ ਵਿੱਚ ਮੋਟਰਸਾਈਕਲ ਰੈਲੀ ਕਡਣ ਸਬੰਧੀ ਐਲਾਨ ਕੀਤਾ ਜਾਏ ਗਾ 23 ਮਾਰਚ ਨੂੰ ਸਰਭ ਧਰਮ ਸਾਂਝਾ ਫਰੰਟ ( ਪੰਜਾਬ ) ਵੱਲੋ ਸਾਂਝਾ ਫਰੰਟ ਦੀਆ ਪੰਜਾਬ ਭਰ ਵਿੱਚ ਸਾਰੇ ਧਰਮਾ ਦੇ ਧਾਰਮਿਕ ਮੁੱਖੀਆ ਨੂੰ ਨਾਲ ਲੈ ਕੇ ਰੈਲੀਆਂ ਕਡਣ ਲਈ ਪ੍ਰੋਗਰਾਮ ਤਿਆਰ ਕਰਨ ਲਈ 23 ਮਾਰਚ ਨੂੰ ਨਿਉ ਅੰਮ੍ਰਿਤਸਰ ਸਾਹਿਬ ਵਿੱਖੇ ਪ੍ਰੈੱਸ ਕਲੱਬ ਵਿੱਚ 3 ਵੱਜੇ ਪ੍ਰੈੱਸ ਕਾਨਫਰੰਸ ਕੀਤੀ ਜਾਏ ਗੀ ਅਤੇ ਸਾਰਿਆ ਨੂੰ ਸ਼ਾਮਲ ਹੋਣ ਲਈ ਅਪੀਲ ਹੈ।

ਆਵਾਜ਼ਿ ਕੌਮ AWAZE QAUM International Newspaper & WEB TV




**-ਇਕਬਾਲ ਸਿੰਘ ਤੁੰਗ ਸਾਬਕਾ ਨਿੱਜੀ ਸਕਤਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਸਾਹਿਬ**

# ਸੈਂਟ ਸੋਲਜਰ ਸੰਸਥਾ 44 ਸਾਲਾਂ ਤੋਂ ਬੱਚਿਆਂ ਦੇ ਭਵਿੱਖ ਲਈ ਆਪਣੀ ਵਚਨਬੱਧਤਾ ਪੂਰੀ ਕਰ ਰਹੀ ਡਾ: ਮੰਗਲ ਸਿੰਘ ਕਿਸ਼ਨਪੁਰੀ

## ਸੇਂਟ ਸੋਲਜਰ ਇਲੀਟ ਕੈਂਬਰਿਜ ਸਕੂਲ ਦੇ ਪਹਿਲੇ ਸੈਸ਼ਨ ਦਾ ਆਗਾਜ਼




**ਜੰਡਿਆਲਾ ਗੁਰੂ, 11 ਮਾਰਚ ( ਕੁਲਵੰਤ ਸਿੰਘ ਵਿਰਦੀ )-**ਬੀਤੇ ਦਿਨ ਰਾਮ ਤੀਰਥ ਰੋਡ ਸਿਗਨੇਚਰ ਗਰੀਨਜ਼(ਅੰਮ੍ਰਿਤਸਰ) ਵਿੱਚ ਸੇਟ ਸੋਲਜਰ ਇਲੀਟ ਕੈਂਬਰਿਜ ਸਕੂਲ ਨੇ ਆਪਣੇ ਪਹਿਲੇ ਸੈਸ਼ਨ ਦਾ ਆਗਾਜ਼ ਬੜੇ ਜੋਸ਼ੋ ਖਰੋਸ਼ ਨਾਲ ਕੀਤਾ । ਇਸ ਸਬੰਧੀ ਸਕੂਲ ਵਿੱਚ ਇੱਕ ਸ਼ਾਨਦਾਰ ਸਮਾਗਮ ਰੱਖਿਆ ਗਿਆ। ਜਿਸ ਵਿੱਚ ਸਕੂਲ ਵਿੱਚ ਦਾਖਲ ਹੋਏ ਬੱਚਿਆਂ ਦੇ ਮਾਤਾ ਪਿਤਾ ਨੇ ਖਾਸ ਤੌਰ ਤੇ ਸ਼ਿਰਕਤ ਕੀਤੀ ਤੇ ਆਪਣੇ ਬੱਚਿਆਂ ਸਬੰਧੀ ਜਾਣਕਾਰੀ ਹਾਸਲ ਕੀਤੀ ! ਸਮਾਗਮ ਦੀ ਸ਼ੁਰੂਆਤ ਸਕੂਲ ਮੈਨੇਜਮੈਂਟ ਅਤੇ ਮਾਪਿਆਂ ਵੱਲੋਂ ਦੀਪਸ਼ਿਖਾ ਪ੍ਰਜਲਿਤ ਕਰਕੇ ਕੀਤੀ ਗਈ ।ਸਾਰੇ ਮਾਪਿਆਂ ਨੇ ਸਕੂਲ ਦੇ ਕਲਾਸ ਰੂਮ , ਇਨੋਵੇਸ਼ਨ ਕਲਾਸ ਰੂਮ,, ਆਧੁਨਿਕ ਲੈਬ ਅਤੇ ਸਪੋਰਟਸ ਰੂਮ ,ਗਰਾਊਂਡ, ਪਲੇ ਸਟੇਸ਼ਨ ਦੀ ਜਾਣਕਾਰੀ ਹਾਸਲ ਕੀਤੀ। ਸਕੂਲ ਦੇ ਸੰਗੀਤ ਅਧਿਆਪਕਾਂ ਵੱਲੋਂ ਮਾਪਿਆਂ ਅਤੇ ਬੱਚਿਆਂ ਦੇ ਮਨੋਰੰਜਨ ਲਈ ਸ਼ਾਨਦਾਰ (ਗਰੁੱਪ ਸੌਂਗ) ਸੰਗੀਤ ਆਈਟਮ ਪੇਸ਼ ਕੀਤੀ ਗਈ। ਇਸ ਮੌਕੇ ਤੇ ਡਾ: ਮੰਗਲ ਸਿੰਘ ਕਿਸ਼ਨਪੁਰੀ ਜੀ (ਮੈਨੇਜਿੰਗ ਡਾਇਰੈਕਟਰ ਸੇਂਟ ਸੋਲਜਰ ਆਫ ਗਰੁੱਪਸ ) ਜੀ ਨੇ ਕਿਹਾ ਕਿ ਪਿਛਲੇ 44 ਸਾਲਾਂ ਤੋਂ ਸੈਂਟ ਸੋਲਜਰ ਸੰਸਥਾ ਬੱਚਿਆਂ ਦੇ ਵਧੀਆ ਭਵਿੱਖ ਲਈ ਆਪਣੀ ਵਚਨਬੱਧਤਾ ਪੂਰੀ ਕਰ ਰਹੀ ਹੈ। ਉਹਨਾਂ ਕਿਹਾ ਕਿ ਸੇਂਟ ਸੋਲਜਰ ਦੇ ਵਿਦਿਆਰਥੀ ਡਾਕਟਰ ਇੰਜੀਨੀਅਰ, ਖਿਡਾਰੀ ਵਕੀਲ, ਜੱਜ , ਤਹਿਸੀਲਦਾਰ ਅਤੇ ਹੋਰ ਵੱਖ ਵੱਖ ਵੱਡੇ ਵੱਡੇ ਅਹੁਦਿਆਂ ਦੇ ਪਹੁੰਚ ਕੇ ਆਪਣੀਆਂ ਸੇਵਾਵਾਂ ਦੇ ਰਹੇ ਹਨ। ਸੇਂਟ ਸੋਲਜਰ ਜੰਡਿਆਲਾ ਗੁਰੂ ਅਤੇ ਸੇਂਟ ਸੋਲਜਰ ਮਜੀਠਾ ਤੋਂ ਬਾਅਦ ਅੱਜ ਸੇਟ ਸੋਲਜਰ ਇਲੀਟ ਕੈਂਬਰਿਜ ਸਕੂਲ ਦਾ ਪਹਿਲਾ ਸੈਸ਼ਨ ਸ਼ੁਰੂ ਹੋਇਆ ਹੈ। ਉਹਨਾਂ ਬੱਚਿਆਂ ਦੇ ਮਾਤਾ ਪਿਤਾ ਨੂੰ ਕਿਹਾ ਕਿ ਹੁਣ ਤੁਹਾਨੂੰ ਬੱਚਿਆਂ ਦੇ ਚੰਗੇ ਭਵਿੱਖ ਦੀ ਚਿੰਤਾ ਕਰਨ ਦੀ ਲੋੜ ਨਹੀਂ ।ਸੈਂਟ ਸੋਲਜਰ ਇਲੀਟ ਕੈਮਬ੍ਰਿਜ ਸਕੂਲ ਬੱਚਿਆਂ ਦੇ ਸੁਨਹਿਰੇ ਅਤੇ ਬਿਹਤਰੀਨ ਭਵਿੱਖ ਲਈ ਯਤਨਸ਼ੀਲ ਰਹੇਗਾ। ਇਸ ਮੌਕੇ ਤੇ ਸ਼੍ਰੀਮਤੀ ਸੁਹਾਸਨੀ ਗੁਲਾਟੀ(ਪ੍ਰਿੰਸੀਪਲ ਸੇਟ ਸੋਲਜਰ ਕੈਂਬਰਿਜ ਸਕੂਲ) ਜੀ ਨੇ ਸਕੂਲ ਦੇ ਪਹਿਲੇ ਸੈਸ਼ਨ ਦੇ ਪੜਾਈ ਦੇ ਪਾਠਕ੍ਰਮ ਬਾਰੇ ਬੱਚਿਆਂ ਦੇ ਮਾਤਾ ਪਿਤਾ ਨੂੰ ਜਾਣੂ ਕਰਵਾਇਆ। ਇਸ ਮੌਕੇ ਤੇ ਸ਼੍ਰੀਮਤੀ ਅਮਨਦੀਪ ਕੌਰ )ਅਤੇ ਸ਼੍ਰੀਮਤੀ ਡਾ:ਅਮਰਪ੍ਰੀਤ ਕੌਰ ( ਡਾਇਰੈਕਟਰਜ਼ ਸੇਂਟ ਸੋਲਜਰ ਇਲੀਟ ਕੈਂਬਰਿਜ ਸਕੂਲ) ਨੇ ਬੱਚਿਆਂ ਦੇ ਮਾਤਾ ਪਿਤਾ ਦਾ ਸ਼ਾਨਦਾਰ ਸਵਾਗਤ ਕੀਤਾ। ਇਸ ਮੌਕੇ ਤੇ ਸਮੂਹ ਸਕੂਲ ਸਟਾਫ ਹਾਜਰ ਸਨ। ਸਕੂਲ ਵੱਲੋਂ ਮਾਪਿਆਂ ਲਈ ਚਾਹ ਪਾਰਟੀ ਦਾ ਪ੍ਰਬੰਧ ਵੀ ਕੀਤਾ ।

ਆਵਾਜ਼ਿ ਕੌਮ AWAZE QAUM International Newspaper & WEB TV

# ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਵਿਸ਼ੇਸ਼ ਮੁਹਿੰਮ ਚਲਾਈ

## ਜ਼ਿਲ੍ਹੇ ਦੇ ਪਿੰਡਾਂ ਤੇ ਸ਼ਹਿਰਾਂ 'ਚ 58 ਵਿਸ਼ੇਸ਼ ਸੁਵਿਧਾ ਕੈਂਪ ਲਗਾ ਕੇ ਬਣਾਏ ਜਾ ਰਹੇ ਹਨ ਕਾਰਡ

**ਜੰਡਿਆਲਾ ਗੁਰੂ 11 ਮਾਰਚ ( ਕੁਲਵੰਤ ਸਿੰਘਵਿਰਦੀ )** - ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ 58 ਸੁਵਿਧਾ ਕੈਂਪ ਲਗਾਏ ਗਏ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ 544 ਕਾਮਨ ਸੈਂਟਰਾਂ ਵਿੱਚ ਵੀ ਇਹ ਕਾਰਡ ਬਣਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਡਵੀਜ਼ਨਲ ਅਤੇ ਸਬ ਡਵੀਜ਼ਨਲ ਹਸਪਤਾਲਾਂ ਵਿੱਚ ਵੀ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਏ ਜਾ ਰਹੇ ਹਨ ਅਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਅੰਮ੍ਰਿਤਸਰ ਵਿਖੇ ਸਥਿਤ ਸੇਵਾ ਕੇਂਦਰ ਵਿੱਚ ਵੀ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਦੀ ਸਹੂਲਤ ਦਿੱਤੀ ਗਈ ਹੈ। ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਸੂਬੇ ਦੇ ਹਰ ਪਰਿਵਾਰ ਨੂੰ ਸਲਾਨਾ 10 ਲੱਖ ਰੁਪਏ ਦੇ ਮੁਫ਼ਤ ਇਲਾਜ ਦੀ ਸਹੂਲਤ ਮਿਲੇਗੀ।ਉਨਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਲਾਭਪਾਤਰੀ ਸਰਕਾਰੀ ਹਸਪਤਾਲਾਂ ਦੇ ਨਾਲ ਨਾਮੀ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਆਪਣਾ ਮੁਫ਼ਤ ਇਲਾਜ ਕਰਵਾ ਸਕਣਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 89 ਨਾਮੀਗ੍ਰਾਮੀ ਹਸਪਤਾਲ ਮੁਫ਼ਤ ਇਲਾਜ ਲਈ ਸੂਚੀਬੱਧ ਕੀਤੇ ਗਏ ਹਨ। ਇਨਾਂ ਸੂਚੀਬੱਧ ਸੰਸਥਾਵਾਂ ਵਿਚੋਂ ਕਿਸੇ ਵੀ ਸੰਸਥਾਨ ਵਿਚੋਂ ਲਾਭਪਾਤਰੀ ਆਪਣਾ ਮੁਫ਼ਤ ਇਲਾਜ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਕਾਰਡ ਬਣਾਉਣ ਲਈ ਪਰਿਵਾਰ ਦੇ ਘੱਟੋ-ਘੱਟ ਦੋ ਮੈਂਬਰਾਂ ਦਾ ਇਕੱਠੇ ਜਾਣਾ ਜ਼ਰੂਰੀ ਹੈ, ਜਿਹੜਾ ਮੈਂਬਰ 18 ਸਾਲ ਤੋਂ ਘੱਟ ਹੈ, ਉਸ ਨੂੰ ਆਪਣਾ ਜਨਮ ਸਰਟੀਫਿਕੇਟ, ਆਧਾਰ ਕਾਰਡ ਨਾਲ ਲੈ ਕੇ ਜਾਣਾ ਜ਼ਰੂਰੀ ਹੈ ਅਤੇ ਜਿਹੜਾ ਮੈਂਬਰ 18 ਸਾਲ ਤੋਂ ਉੱਤੇ ਹੈ ਉਸ ਨੂੰ ਆਪਣਾ ਵੋਟਰ ਕਾਰਡ ਅਤੇ ਆਧਾਰ ਕਾਰਡ ਲੈ ਕੇ ਜਾਣਾ ਜ਼ਰੂਰੀ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਿਹਤ ਬੀਮਾ ਯੋਜਨਾ ਦਾ ਕਾਰਡ ਜ਼ਰੂਰ ਬਣਾਉਣ ਤਾਂ ਜੋ ਕਿਸੇ ਮੁਸ਼ਿਕਲ ਵੇਲੇ ਉਹਨਾਂ ਦੇ ਕੰਮ ਆ ਸਕੇ। ਉਨ੍ਹਾਂ ਕਾਰਡ ਬਣਾਉਣ ਦੇ ਕੰਮ ਵਿੱਚ ਲੱਗੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਖੁਦ ਇਸ ਕੰਮ ਦੀ ਨਿਗਰਾਨੀ ਕਰਨ ਅਤੇ ਲੋਕਾਂ ਨੂੰ ਸਿਹਤ ਬੀਮਾ ਯੋਜਨਾ ਕਾਰਡ ਬਣਾਉਣ ਵਿੱਚ ਕਿਸੇ ਕਿਸਮ ਦੀ ਮੁਸ਼ਿਕਲ ਪੇਸ਼ ਨਾ ਆਉਣ ਦਿੱਤੀ ਜਾਵੇ।



ਹਲਕਾ ਜੰਡਿਆਲਾ ਗੁਰੂ ਨੂੰ ਸਭ ਤੋਂ ਵੱਧ ਪੜ੍ਹੇ ਲਿਖੇ ਸ੍ਰ ਹਰਭਜਨ ਸਿੰਘ ਈ.ਟੀ.ਓ ਦਾ ਕੈਬਨਿਟ ਮੰਤਰੀ ਦੇ ਰੂਪ ਚ ਮਿਲਣਾ ਹਲਕੇ ਲਈ ਮਾਣ ਵਾਲੀ ਗੱਲ-ਮੈਡਮ ਸਰਬਜੀਤ ਕੌਰ

# 2027 'ਚ ਵੱਡੀ ਲੀਡ ਨਾਲ ਸ੍ਰ ਈ.ਟੀ.ਓ ਕਰਨਗੇ ਜਿੱਤ ਹਾਸਲ



**ਜੰਡਿਆਲਾ ਗੁਰੂ, 11 ਮਾਰਚ ( ਕੁਲਵੰਤ ਸਿੰਘ ਵਿਰਦੀ )**-ਹਲਕਾ ਜੰਡਿਆਲਾ ਗੁਰੂ ਦੇ ਪੜ੍ਹੇ ਲਿਖੇ ਤੇ ਸੂਝਵਾਨ ਹਲਕਾ ਵਿਧਾਇਕ ਕੈਬਿਨਟ ਮੰਤਰੀ ਸ੍ਰ ਹਰਭਜਨ ਸਿੰਘ ਈ.ਟੀ.ਓ ਦਾ ਹਲਕਾ ਜੰਡਿਆਲਾ ਗੁਰੂ ਮਿਲਣਾ ਬਹੁਤ ਮਾਣ ਵਾਲੀ ਗੱਲ ਹੈ ਸ੍ਰ ਈ.ਟੀ.ਓ ਦਾ ਜਨਮ ਜੰਡਿਆਲਾ ਗੁਰੂ ਦੇ ਵਸਨੀਕ ਸ੍ਰ ਦਰਸ਼ਨ ਸਿੰਘ ਦੇ ਘਰ ਹੋਇਆ ਅਤੇ ਸ੍ਰ ਈ.ਟੀ.ਓ ਦੇ ਪਿਤਾ ਮਿਹਨਤਕਸ ਲੋਕਾਂ ਵਿੱਚੋਂ ਜਾਣੇ ਜਾਂਦੇ ਸਨ ਜਿਨਾਂ ਨੇ ਆਪਣੇ ਪੇਸੇ ਵਿਚ ਬੈਡ ਵਜਾਉਣ ਦੀ ਕਿਰਤ ਤੋਂ ਆਪਣੇ ਪਰਿਵਾਰ ਦੇ ਜੀਆਂ ਦੀ ਦੇਖਭਾਲ ਕੀਤੀ ਅਤੇ ਆਪਣੇ ਬੱਚਿਆਂ ਨੂੰ ਉਚ ਪੱਧਰੀ ਸਿੱਖਿਆ ਦੇ ਕਿ ਸੰਸਾਰ ਵਿੱਚ ਆਪਣੇ ਨਾਮ ਰਾਹੀਂ ਆਪਣੇ ਆਪ ਨੂੰ ਜਿੰਦਾ ਰੱਖਣ ਲਈ ਆਪਣੀ ਮਿਹਨਤ ਨੂੰ ਜਾਰੀ ਰੱਖਿਆ ਇਨਾਂ ਗੱਲਾਂਦਾ ਪ੍ਰਗਟਾਵਾ ਕਰਦਿਆ ਹੋਇਆ ਮੈਡਮ ਸਰਬਜੀਤ ਕੌਰ ਬਲਾਕ ਕੁਆਂਡੀਨੇਟਰ ਸੋਸ਼ਲ ਮੀਡੀਆ ਜੰਡਿਆਲਾ ਗੁਰੂ ਨੇ ਅੱਗੇ ਕਿਹਾ ਕਿ ਮੰਤਰੀ ਸ੍ਰ ਈ ਟੀ ਓ ਜੀ ਨੇ ਉੱਚ ਵਿੱਦਿਆ ਹਾਸਲ ਕਰਕੇ ਅਣਥੱਕ ਮਿਹਨਤ ਦੇ ਸਦਕਾ ਜੰਡਿਆਲਾ ਗੁਰੂ ਹਲਕੇ ਦਾ ਨਾਮ ਪੂਰੇ ਪੰਜਾਬ ਵਿੱਚ ਰੌਸਨ ਕੀਤਾ ਅਤੇ ਕੈਬਨਿਟ ਮੰਤਰੀ ਸਰਦਾਰ ਹਰਭਜਨ ਸਿੰਘ ਈ ਟੀ ਓ ਜੀ ਨੇ ਅਣਥੱਕ ਮਿਹਨਤ ਕਰਕੇ ਉੱਚ ਵਿੱਦਿਆ ਹਾਸਲ ਕੀਤੀ ਤੇ ਬਤੌਰ ਸਕੂਲ ਮਾਸਟਰ ਤੋਂ ਸ਼ੁਰੂਆਤ ਕੀਤੀ ਤੇ ਬਾਅਦ ਵਿੱਚ ਪੀਸੀਐਸ ਦਾ ਟੈਸਟ ਪਾਸ ਕਰਕੇ ਈ ਟੀ ਓ ਦੀ ਨੌਕਰੀ ਹਾਸਲ ਕੀਤੀ ਪਰ ਮਨ ਵਿੱਚ ਪੰਜਾਬ ਵਾਸੀਆਂ ਦੀ ਸੇਵਾ ਭਾਵਨਾ ਰੱਖਦੇ ਹੋਏ ਆਪਣੀ ਮਿਹਨਤ ਜਾਰੀ ਰੱਖੀ ਅਫ਼ਸਰਸ਼ਾਹੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਪੰਜਾਬ ਵਾਸੀਆਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਤੇ ਜਦੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂ ਸ੍ਰ ਹਰਭਜਨ ਸਿੰਘ ਈ ਟੀ ਓ ਦੀ ਉੱਚ ਵਿੱਦਿਆ ਤੇ ਮਿਹਨਤ ਨੂੰ ਦੇਖਦੇ ਹੋਏ ਪਾਰਟੀ ਹਾਈਕਮਾਂਡ ਨੇ ਪੰਜਾਬ ਕੈਬਨਿਟ ਦੇ ਮੰਤਰੀ ਮੰਡਲ ਵਿੱਚ ਉਨ੍ਹਾਂ ਨੂੰ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਦਾ ਅਹੁਦਾ ਦੇ ਕੇ ਨਿਵਾਜਿਆ ਸੇਵਾ ਭਾਵਨਾ ਰੱਖਦੇ ਹੋਏ ਸਭ ਤੋਂ ਪਹਿਲਾਂ ਸ੍ਰ ਹਰਭਜਨ ਸਿੰਘ ਈ ਟੀ ਓ ਕੈਬਨਿਟ ਮੰਤਰੀ ਜੀ ਨੇ ਪੰਜਾਬ ਦੇ ਹਰ ਘਰ ਨੂੰ ਆਮ ਆਦਮੀ ਪਾਰਟੀ ਵੱਲੋਂ ਕੀਤੇ ਹੋਏ ਪੰਜਾਬ ਵਾਸੀਆਂ ਨੂੰ ਵਾਅਦੇ ਅਨੁਸਾਰ 600 ਯੂਨਿਟ ਬਿਜਲੀ ਮੁਆਫ ਕਰਕੇ ਬਿਨਾਂ ਕਿਸੇ ਪੱਖਪਾਤ ਤੋਂ ਹਰੇਕ ਪੰਜਾਬ ਵਾਸੀਆਂ ਨੂੰ ਸਹੂਲਤ ਦਿੱਤੀ ਅਤੇ ਬਿਜਲੀ ਵਿਭਾਗ ਨੂੰ ਵੀ ਕਰਜ਼ੇ ਵਿੱਚੋ ਕੱਢ ਕੇ ਬੁਲੰਦੀਆਂ ਤੇ ਪਹੁੰਚਾਇਆ ਅਤੇ ਗੋਇੰਦਵਾਲ ਸਾਹਿਬ ਵਾਲਾ ਥਰਮਲ ਪਲਾਂਟ ਖਰੀਦ ਕਿ ਸਰਕਾਰ ਦੀ ਝੋਲੀ ਵਿੱਚ ਪਾਇਆ ਅਤੇ ਹੁਣ ਬਤੌਰ ਲੋਕ ਨਿਰਮਾਣ ਮੰਤਰੀ ਪੰਜਾਬ ਵਜੋਂ ਸੇਵਾ ਨਿਭਾ ਰਹੇ ਹਨ । ਮੈਡਮ ਸਰਬਜੀਤ ਕੌਰ ਨੇ ਦੱਸਿਆ ਕੀ ਮੰਤਰੀ ਈ ਟੀ ਉ ਜੀ ਨੇ ਅਣਥੱਕ ਮਿਹਨਤ ਕਰਕੇ ਇਸ ਬੁਲੰਦੀਆਂ ਤੇ ਪਹੁੰਚਣਾ ਵਿਰੋਧੀ ਧਿਰਾਂ ਨੂੰ ਹਜ਼ਮ ਨਹੀਂ ਹੋ ਰਿਹਾ। ਤੇ ਹਰ ਰੋਜ਼ ਅਤਿ ਨਿੰਦਣਯੋਗ ਬਿਆਨ ਬਾਜੀ ਕਰ ਰਹੇ ਹਨ ਅਤੇ ਸਗੋਂ ਉਹ ਆਪਣੀ ਹੀ ਕਾਂਗਰਸ ਪਾਰਟੀ ਦਾ ਬੇੜਾ ਡੁਬੋਣ ਦੇ ਵਿੱਚ ਲੱਗੇ ਹੋਏ ਹਨ। ਅਤੇ ਹਲਕਾ ਜੰਡਿਆਲਾ ਗੁਰੂ ਦੇ ਲੋਕ ਮੰਤਰੀ ਸ੍ਰ ਸਰਦਾਰ ਹਰਭਜਨ ਸਿੰਘ ਈ ਟੀ ਓ ਜੀ ਦੇ ਨਾਲ ਚਟਾਂਨ ਵਾਂਗ ਖੜੇ ਹਨ ਤੇ 2027 ਦੀਆਂ ਚੋਣਾਂ ਵਿੱਚ ਹਲਕਾ ਜੰਡਿਆਲਾ ਗੁਰੂ ਤੋਂ ਦੂਜੀ ਵਾਰ ਵੱਡੀ ਲੀਡ ਨਾਲ ਜਿੱਤਾ ਕੇ ਮੰਤਰੀ ਸਾਹਬ ਨੂੰ ਪੰਜਾਬ ਵਿਧਾਨ ਸਭਾ ਵਿੱਚ ਭੇਜਿਆ ਜਾਵੇਗਾ।

# ਸ਼ਾਇਰਾਂ ਦਾ 26 ਮਾਰਚ ਨੂੰ ਹੋਵੇਗਾ ਸਨਮਾਨ



ਫ਼ਿਰੋਜ਼ਪੁਰ, 11 ਮਾਰਚ (ਮਨੋਹਰ ਲਾਲ) :— ਸ਼ਬਦ ਸੱਭਿਆਚਾਰ ਦੇ ਪਸਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ ਕਲਾਪੀਠ ਅਤੇ ਅਨਿਲ ਆਦਮ ਮੈਮੋਰੀਅਲ ਫ਼ਾਊਂਡੇਸ਼ਨ ਵੱਲੋਂ ਪੰਜਾਬੀ ਦੇ ਜ਼ਹੀਨ ਸ਼ਾਇਰ ਸਵਰਗੀ ਅਨਿਲ ਆਦਮ ਦੀ ਯਾਦ ਵਿੱਚ ਦਿੱਤਾ ਜਾਣ ਵਾਲਾ ਅਨਿਲ ਆਦਮ ਸਿਮਰਤੀ ਪੁਰਸਕਾਰ 2026 ਨੌਜਵਾਨ ਸ਼ਾਇਰ ਰਾਜਿੰਦਰ ਨੂੰ ਉਸ ਦੀ ਪੁਸਤਕ ਉਹ ਦਿਨ ਵੀ ਆਉਣਗੇ ਲਈ ਦਿੱਤਾ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਕਲਾਪੀਠ ਦੇ ਪ੍ਰਧਾਨ ਪ੍ਰੋ: ਜਸਪਾਲ ਘਈ, ਜਨਰਲ ਸਕੱਤਰ ਸੁਖਜਿੰਦਰ, ਅਨਿਲ ਆਦਮ ਮੈਮੋਰੀਅਲ ਫ਼ਾਊਂਡੇਸ਼ਨ ਦੀ ਪ੍ਰਧਾਨ ਅੰਜੁਮ ਸ਼ਰਮਾ, ਸਕੱਤਰ ਪ੍ਰੋ: ਕੁਲਦੀਪ, ਪ੍ਰੋ: ਗੁਰਤੇਜ ਕੋਹਾਰਵਾਲਾ, ਰਾਜੀਵ ਖ਼ਿਆਲ, ਸੁਰਿੰਦਰ ਕੰਬੋਜ, ਸੰਦੀਪ ਚੌਧਰੀ ਅਤੇ ਹਰਮੀਤ ਵਿਦਿਆਰਥੀ ਨੇ ਦੱਸਿਆ ਕਿ ਇਹ ਸਨਮਾਨ 26 ਮਾਰਚ ਨੂੰ ਫ਼ਿਰੋਜ਼ਪੁਰ ਵਿਖ਼ੇ ਕਰਵਾਏ ਜਾਣ ਵਾਲੇ ਸਮਾਗਮ ਵਿੱਚ ਦਿੱਤਾ ਜਾਵੇਗਾ, ਜਿਸ ਦੀ ਪ੍ਰਧਾਨਗੀ ਪ੍ਰੋ: ਸੁਰਜੀਤ ਜੱਜ ਅਤੇ ਪ੍ਰੋ: ਅਤੈ ਸਿੰਘ ਕਰਨਗੇ। ਅਨਿਲ ਆਦਮ ਦੀ ਰਚਨਾ ਅਤੇ ਜ਼ਿੰਦਗੀ ਬਾਰੇ ਡਾ: ਕੁਲਦੀਪ ਸਿੰਘ ਦੀਪ ਅਤੇ ਸਨਮਾਨਿਤ ਪੁਸਤਕ ਬਾਰੇ ਸ਼ਾਇਰ ਕੁਲਵਿੰਦਰ ਬੱਛੋਆਣਾ ਆਪਣੇ ਵਿਚਾਰ ਰੱਖਣਗੇ। ਯਾਦ ਰੱਖਣਯੋਗ ਹੈ ਕਿ ਪੰਜਾਬੀ ਅਤੇ ਹਿੰਦੀ ਵਿੱਚ ਇੱਕੋ ਜਿੰਨੀ ਮੁਹਾਰਤ ਅਤੇ ਸ਼ਿੱਦਤ ਨਾਲ ਕਵਿਤਾ ਲਿਖਣ ਵਾਲਾ ਅਨਿਲ ਆਦਮ ਨਾ ਕੇਵਲ ਬਹੁਤ ਸੂਖ਼ਮ ਕਵੀ ਸੀ ਸਗੋਂ ਇੱਕ ਚੰਗਾ ਅਨੁਵਾਦਕ, ਸੂਝਵਾਨ ਅਧਿਆਪਕ ਵੀ ਸੀ, ਉਸਦੀ ਕਵਿਤਾ ਦੀਆਂ ਤਿੰਨ ਅਨੁਵਾਦ ਦੀਆਂ ਚਾਰ ਅਤੇ ਬਾਲ ਸਾਹਿਤ ਦੀਆਂ ਅੱਧੀ ਦਰਜਨ ਪੁਸਤਕਾਂ ਛਪ ਚੁੱਕੀਆਂ ਹਨ। ਆਗੂਆਂ ਨੇ ਦੱਸਿਆ ਕਿ ਇਸ ਮੌਕੇ ਇੱਕ ਸ਼ਾਨਦਾਰ ਕਵੀ ਦਰਬਾਰ ਵੀ ਕਰਵਾਇਆ ਜਾਵੇਗਾ ਜਿਸ ਵਿੱਚ ਜਗਵਿੰਦਰ ਜੋਧਾ, ਮਨਜੀਤ ਪੁਰੀ, ਅਜੀਤਪਾਲ ਜਟਾਣਾ, ਸੱਤਪਾਲ ਭੀਖੀ, ਨੀਤੂ, ਗੁਰਮੀਤ ਕੜਿਆਲਵੀ, ਤਲਵਿੰਦਰ ਸ਼ੇਰਗਿੱਲ, ਵਾਹਿਦ, ਰੂਹੀ ਸਿੰਘ ਅਤੇ ਸੁਖਦੀਪ ਔਜਲਾ ਭਾਗ ਲੈਣਗੇ।

# ਨਕਲ ਦੇ ਫਾਹੇ ਦਮ ਤੋੜ ਰਹੀ ਪੰਜਾਬ ਦੀ ਸਿੱਖਿਆ—ਡਾ: ਅਰਜੁਨ ਸਿੰਘ



ਫ਼ਿਰੋਜ਼ਪੁਰ, 11 ਮਾਰਚ (ਮਨੋਹਰ ਲਾਲ) :— ਵਿੱਦਿਆ ਨੂੰ ਤੀਜੇ ਨੇਤਰ ਦਾ ਦਰਜਾ ਦਿੱਤਾ ਗਿਆ ਹੈ ਪਰ ਅੱਜ ਦੇ ਸਮੇਂ ਇਹ ਤੀਸਰਾ ਨੇਤਰ ਬੰਦ ਕਰਨ ਲਈ ਸਿੱਖਿਆ ਤੰਤਰ ਪੂਰੀ ਤਰ੍ਹਾਂ ਪੱਬਾਂ—ਭਾਰ ਹੈ। ਇਕ ਅਖਾਣ ਆਮ ਹੀ ਪੜ੍ਹਿਆ ਜਾਂਦਾ ਹੈ ਕਿ 'ਜੇ ਵਾੜ ਹੀ ਖੇਤ ਨੂੰ ਖਾਏਗੀ ਤਾਂ ਰਾਖੀ ਕੌਣ ਕਰੂ।' ਉਹੀ ਹਾਲ ਸਾਡੀ ਸਿੱਖਿਆ ਨੀਤੀ ਦਾ ਹੈ। ਸਿੱਖਿਆ ਨੀਤੀ ਘਾੜਿਆਂ ਦਾ ਮਕਸਦ ਵਿਦਿਆਰਥੀਆਂ ਨੂੰ ਮਿਆਰੀ ਵਿੱਦਿਆ ਦੇਣਾ ਨਹੀਂ ਬਲਕਿ ਕੇਵਲ ਪਾਸ ਕਰਵਾਉਣਾ ਹੈ, ਪਾਸ ਇਸ ਲਈ ਕਰਵਾਉਣਾ ਹੈ ਕਿ ਸਰਕਾਰਾਂ ਆਪਣੀ ਸਿੱਖਿਆ ਨੀਤੀ ਦੇ ਗੁਣ ਲੋਕਾਂ ਸਾਹਮਣੇ ਗਾ ਸਕਣ ਕਿ ਸਾਡੀ ਸਰਕਾਰ ਸਮੇਂ ਇੰਨੇ ਵਿਦਿਆਰਥੀ ਵੱਧ ਚੜ ਕੇ ਪਾਸ ਹੋਏ। ਹਾਲਾਂਕਿ ਸਚਾਈ ਲੋਕਾਂ ਤੋਂ ਛੁਪੀ ਨਹੀਂ ਹੈ ਕਿ ਇਹ ਕਿਵੇਂ ਪਾਸ ਹੋ ਰਹੇ ਹਨ। ਸਰਕਾਰ ਦੇ ਸਿੱਖਿਆ ਬੋਰਡ ਨੇ ਇਮਤਿਹਾਨਾਂ ਲਈ ਪੇਪਰ ਹੀ ਅਜਿਹੇ ਬਣਾ ਦਿੱਤੇ ਹਨ ਕਿ ਬੱਚਾ ਫੇਲ ਹੀ ਨਾ ਹੋਵੇ। ਆਬਜੈਕਟਿਵ ਟਾਈਪ ਵਿਧੀ ਨੂੰ ਪ੍ਰਸ਼ਨ ਪੱਤਰ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਇੰਨੇ ਕੁ ਨੰਬਰਾਂ ਦਾ ਕੀਤਾ ਹੈ ਤਾਂ ਜੋ ਵਿਦਿਆਰਥੀ ਅਰਾਮ ਨਾਲ ਪਾਸ ਹੋ ਜਾਵੇ ਅਤੇ ਅਧਿਆਪਕ ਨੂੰ ਵੀ ਕੋਈ ਮੁਸ਼ਿਕਲ ਨਾ ਹੋਵੇ ਉਸ ਨੂੰ ਕਰਵਾਉਣ ਵਿਚ। ਮਤਲਬ ਕੇ ਪ੍ਰਸ਼ਨ ਪੱਤਰ ਨੂੰ ਹੱਲ ਕਰਨਾ ਹੁਣ ਵਿਦਿਆਰਥੀਆਂ ਦੀ ਜ਼ੁੰਮੇਵਾਰੀ ਨਹੀਂ ਬਲਕਿ ਅਧਿਆਪਕਾਂ ਦੀ ਜ਼ੁੰਮੇਵਾਰੀ ਬਣਦਾ ਜਾ ਰਿਹਾ ਹੈ। ਸਕੂਲਾਂ ਦੇ ਵਿਚ ਨਕਲ ਨੂੰ ਰੋਕਣ ਦਾ ਕੋਈ ਵੀ ਪ੍ਰਬੰਧ ਨਹੀਂ ਹੈ, ਨਕਲ ਮਰਵਾਉਣ ਦੀ ਮਜਬੂਰੀ ਇੰਨੀ ਵੱਧ ਚੁੱਕੀ ਹੈ ਕਿ ਅਧਿਆਪਕਾਂ ਨੂੰ ਖ਼ੁਦ ਨਕਲ ਮਰਵਾਉਣ ਲਈ ਪੜ੍ਹਨਾ ਪੈ ਰਿਹਾ ਹੈ। ਨਕਲ ਦਾ ਇੰਨਾ ਬੋਲਬਾਲਾ ਹੈ ਕਿ ਜਿਨ੍ਹਾਂ ਨੂੰ ਆਪਣਾ ਨਾਮ ਤੱਕ ਨਹੀਂ ਲਿਖਣਾ ਆਉਂਦਾ ਉਹ ਵੀ ਫ਼ਖਰ ਨਾਲ ਮੈਡੀਕਲ ਦੇ ਇਮਤਿਹਾਨ ਦੇ ਰਹੇ ਹਨ। ਕਿ ਭਵਿੱਖ ਵਿਚ ਇਨ੍ਹਾਂ ਮੈਡੀਕਲ ਡਾਕਟਰਾਂ ਕੋਲੋਂ ਕੋਈ ਭਲਾਈ ਦੀ ਆਸ ਰੱਖੀ ਜਾ ਸਕਦੀ ਹੈ ਨਕਲ ਇਸ ਹੱਦ ਤੱਕ ਵੱਧ ਚੁੱਕੀ ਹੈ ਕਿ ਹੁਣ ਵਿਦਿਆਰਥੀ ਖ਼ੁਦ ਪੇਪਰ ਦੇਣ ਦੀ ਖੇਚਲ ਵੀ ਨਹੀਂ ਕਰ ਰਹੇ ਬਲਕਿ ਕਿਸੇ ਹੋਰ ਕੋਲੋਂ ਹੀ ਕਰਵਾ ਰਹੇ ਹਨ। ਪੰਜਾਬ ਦੇ ਇਮਤਿਹਾਨਾਂ ਵਿਚ ਡਿਫਾਲਟਰ ਵਿਦਿਆਰਥੀ ਇਸ ਕਦਰ ਵੱਧ ਰਹੇ ਹਨ ਕਿ ਪਾਕਿਸਤਾਨ ਵਿਚ ਬੈਠਾ ਵੀ ਕੋਈ ਦਸਵੀਂ ਜਾਂ ਬਾਰ੍ਹਵੀਂ ਦੇ ਬੋਰਡ ਦਾ ਇਮਤਿਹਾਨ ਪਾਸ ਕਰ ਜਾਏ, ਪੂਰਾ ਵੈਰੀਫਿਕੇਸ਼ਨ ਤੰਤਰ ਗੂੜ੍ਹੀ ਨੀਂਦ ਸੁੱਤਾ ਹੈ। ਇਮਤਿਹਾਨ ਹਾਲ ਵਿਚ ਕਿਸੇ ਦੀ ਤਸੱਲੀ ਬਖ਼ਸ਼ ਵੈਰੀਫਿਕੇਸ਼ਨ ਨਹੀਂ ਕੀਤੀ ਜਾਂਦੀ, ਐਡਮਿਟ ਕਾਰਡ 'ਤੇ ਫੋਟੋ ਹੋਰ ਹੁੰਦੀ ਹੈ ਪਰ ਇਮਤਿਹਾਨ ਕੋਈ ਹੋਰ ਦੇ ਰਿਹਾ ਹੁੰਦਾ। ਇਸ ਸੰਬੰਧ ਵਿਚ ਸਕੂਲਾਂ ਦਾ ਅਕਸਰ ਹੀ ਤਰਕ ਹੁੰਦਾ ਹੈ ਕਿ ਫੋਟੋ ਗਲਤੀ ਨਾਲ ਲਗ ਗਈ ਸੀ। ਇਵੇਂ ਲਗਦਾ ਹੈ ਕਿ ਪੰਜਾਬ ਦਾ ਸਿੱਖਿਆ ਬੋਰਡ ਵਿਦਿਆਰਥੀਆਂ ਦੀ ਵੈਰੀਫਿਕੇਸ਼ਨ ਦੀ ਲੋੜ ਹੀ ਨਹੀਂ ਸਮਝ ਰਿਹਾ ਹੈ ਜਾਂ ਉਨ੍ਹਾਂ ਕੋਲੋਂ ਜਾਣਬੁਝ ਕੇ ਕਰਵਾਇਆ ਜਾ ਰਿਹਾ ਹੈ। ਇਹ ਸਚਾਈ ਹੈ ਕਿ ਜਦੋਂ ਸਿੱਖਿਅਕ ਅਦਾਰਿਆਂ ਵਿਚ ਨਕਲ ਨੂੰ ਅਹਿਮੀਅਤ ਦਿੱਤੀ ਜਾਵੇਗੀ ਤਾਂ ਉੱਥੇ ਇਹ ਨਹੀਂ ਵੇਖਿਆ ਜਾਵੇਗਾ ਕਿ ਕੋਣ ਪੇਪਰ ਦੇ ਰਿਹਾ ਹੈ ਅਤੇ ਕਿਸ ਦੀ ਜਗ੍ਹਾ 'ਤੇ ਦੇ ਰਿਹਾ ਹੈ।

# ਉਪ ਮੰਡਲ ਅਫਸਰ ਝੋਕ ਹਰੀਹਰ ਵਿਰੁੱਧ ਅੱਜ ਦੂਸਰੇ ਦਿਨ ਵੀ ਪਾਵਰਕੌਮ ਕਾਮਿਆਂ ਲਾਇਆ ਧਰਨਾ



**ਫ਼ਿਰੋਜ਼ਪੁਰ, 11 ਮਾਰਚ (ਮਨੋਹਰ ਲਾਲ) :—** ਮੁਲਾਜ਼ਮਾਂ ਨਾਲ ਮੰਗਾਂ ਤੇ ਸਹਿਮਤੀ ਕਰਕੇ ਮੁਲਾਜ਼ਮਾਂ ਨੂੰ ਨਿਆਏ ਨਾ ਦੇਣ ਦੇ ਰੋਸ ਵਜੋਂ ਅੱਜ ਦੂਸਰੇ ਦਿਨ ਉਪ ਮੰਡਲ ਝੋਕ ਹਰੀਹਰ ਵਿਖੇ ਕਾਮਿਆਂ ਲਾਇਆ ਧਰਨਾ। ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ ਅੱਜ ਦੂਜੇ ਦਿਨ ਉਪ ਮੰਡਲ ਝੋਕ ਹਰੀਹਰ ਵਿਰੁੱਧ ਚੱਲ ਰਹੇ ਸੰਘਰਸ਼ ਦੇ ਸਬੰਧ ਵਿਚ ਲਾਏ ਰੋਹ ਮੁਜ਼ਾਹਰੇ ਦੀ ਅਗਵਾਈ ਰਾਜੇਸ਼ ਕੁਮਾਰ ਵੱਲੋਂ ਕੀਤੀ ਗਈ, ਜਿਸ ਵਿਚ ਸਮੂਹ ਮੁਲਾਜ਼ਮਾਂ ਨੇ ਇਕੱਤਰ ਹੋ ਕੇ ਅਧਿਕਾਰੀਆਂ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ। ਗੱਲਬਾਤ ਕਰਦਿਆਂ ਰਾਜੇਸ਼ ਕੁਮਾਰ ਨੇ ਦੱਸਿਆ ਕਿ 6 ਮਾਰਚ ਨੂੰ ਡੈਪੂਟੇਸ਼ਨ ਮਿਲਣ ਤੇ ਜ਼ੋ ਸਹਿਮਤੀਆਂ ਬਣੀਆਂ ਸੀ, ਉਪ ਮੰਡਲ ਅਫਸਰ ਉਸ ਤੋਂ ਮੁਨਕਰ ਹੋ ਗਿਆ ਅਤੇ ਜਥੇਬੰਦੀ ਉਨ੍ਹਾਂ ਮੰਗਾਂ ਜਿਵੇਂ ਕਿ ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਦੇ ਮੈਂਬਰ ਹਨ, ਉਨ੍ਹਾਂ ਨੂੰ ਖਾਈ ਲਗਾਉਣਾ, ਗੱਡੀ ਦੀ ਜੇ.ਈਜ਼ ਵਾਈਜ ਵੰਡ ਕਰਨ, ਸ੍ਰੀ ਰਾਜੀਵ ਕੁਮਾਰ ਐਲ.ਡੀ.ਸੀ ਦੇ ਏ.ਆਰ.ਏ ਦੇ ਆਰਡਰ ਰੱਦ ਕਰਕੇ ਜੀ.ਐਸ.ਈ ਜਿਸ ਤਰ੍ਹਾਂ ਫੀਡਰ ਵਾਈਜ ਚੱਲ ਰਹੀ ਸੀ, ਉਸੇ ਤਰ੍ਹਾਂ ਚਲਾਉਣ ਬਾਰੇ। ਧਰਨੇ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਪੰਜਾਬ ਸਰਕਾਰ, ਪੀ.ਐਸ.ਪੀ.ਸੀ.ਐਲ ਦੀ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਉਪ ਮੰਡਲ ਅਫਸਰ ਝੋਕ ਹਰੀਹਰ ਲਗਾਤਾਰ ਜਥੇਬੰਦੀ ਨੂੰ ਖਰਾਬ ਕਰ ਰਿਹਾ ਹੈ ਅਤੇ ਜਥੇਬੰਦੀ ਨੂੰ ਬਣਦੀ ਮਾਨਤਾ ਨਹੀਂ ਦੇ ਰਿਹਾ, ਜਥੇਬੰਦੀ ਨੇ ਮੰਗ ਕੀਤੀ ਹੈ ਕਿ ਉਪ ਮੰਡਲ ਅਫਸਰ ਝੋਕ ਹਰੀਹਰ ਨੂੰ ਇਸ ਸਬ ਡਵੀਜਨ ਤੋਂ ਕਿਤੇ ਹੋਰ ਬਦਲਿਆ ਜਾਵੇ, ਕਿਉਂਕਿ ਇਹ ਲਗਾਤਾਰ ਖਪਤਕਾਰਾਂ ਨੂੰ ਵੀ ਪ੍ਰੇਸ਼ਾਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਉਕਤ ਅਫਸਰ ਆਪਣੀ ਡਿਊਟੀ ਪ੍ਰਤੀ ਵੀ ਸੁਹਿਰਦ ਨਹੀਂ ਹੈ ਅਤੇ ਸਵੇਰੇ 11 ਵਜੇ ਦਫਤਰ ਆ ਕੇ ਤਿੰਨ ਵਜੇ ਦਫਤਰ ਤੋਂ ਨਿਕਲ ਜਾਂਦਾ ਹੈ, ਜਿਸ ਨਾਲ ਮਹਿਕਮੇ ਨੂੰ ਚੂਨਾ ਲੱਗ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਉਪ ਮੰਡਲ ਅਫਸਰ ਝੋਕ ਹਰੀਹਰ ਵੱਲੋਂ ਜਥੇਬੰਦੀ ਨੂੰ ਮਾਨਤਾ ਨਾ ਦਿੱਤੀ ਅਤੇ ਇਨ੍ਹਾਂ ਮੰਗਾਂ ਸਬੰਧੀ ਜਥੇਬੰਦੀ ਨੂੰ ਮੀਟਿੰਗ ਦੇ ਕੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਵਿਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਫਰੀਡਮ ਫਾਈਟਰ ਉੱਤਰਾਅਧਿਕਾਰੀ ਦੇ ਵਫਦ ਨੇ ਜੀ.ਏ. ਟੂ ਡੀ.ਸੀ ਨੂੰ ਦਿੱਤਾ ਮੰਗ ਪੱਤਰ



ਫ਼ਿਰੋਜ਼ਪੁਰ, 11 ਮਾਰਚ (ਮਨੋਹਰ ਲਾਲ) :— ਫਰੀਡਮ ਫਾਈਟਰ ਉੱਤਰਾਅਧਿਕਾਰੀ 196 ਪੰਜਾਬ ਨੇ ਮਾਨਯੋਗ ਲਿੰਧੀਆ ਆਈ.ਏ.ਐਸ ਜੀ.ਏ ਟੂ ਡੀ.ਸੀ ਨੂੰ ਦਿੱਤਾ ਮੰਗ ਪੱਤਰ। ਮੰਗ ਪੱਤਰ ਦੇਣ ਉਪਰੰਤ ਗੱਲਬਾਤ ਕਰਦਿਆਂ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਮੰਗਾਂ ਵਿਚ 23 ਮਾਰਚ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਜੀ ਦੀ ਸਮਾਧ ਤੇ ਅੱਜ 75 ਸਾਲ ਹੋ ਗਏ ਹਨ ਫਰੀਡਮ ਫਾਈਟਰ ਪਰਿਵਾਰਾਂ ਨੂੰ ਨਹੀਂ ਬੁਲਾਇਆ ਜਾਂਦਾ, ਪਰਿਵਾਰਾਂ ਨੂੰ ਸਰਕਾਰਾਂ ਵੱਲੋਂ ਅਣਗੌਲਿਆ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮੰਗ ਪੱਤਰ ਵਿਚ ਮੰਗ ਕੀਤੀ ਕਿ ਦੇਸ਼ ਭਗਤ ਭਵਨ ਬਣਾਉਣ ਵਾਸਤੇ ਬੇਨਤੀ ਕੀਤੀ ਸੀ, ਅਜੇ ਤੱਕ ਸਾਨੂੰ ਨਹੀਂ ਬਣਾ ਕੇ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲ, ਕਾਲਜ ਅਤੇ ਸਵਾਗਤੀ ਗੇਟ ਬਣਾਉਣ ਸਬੰਧੀ ਮੰਗ ਕੀਤੀ, 15 ਅਗਸਤ ਅਤੇ 26 ਜਨਵਰੀ ਨੂੰ 10 ਦਿਨ ਪਹਿਲਾਂ ਦੇਸ਼ ਭਗਤ ਪਰਿਵਾਰਾਂ ਨਾਲ ਮੀਟਿੰਗ ਕੀਤੀ ਜਾਵੇ, ਸ਼ਹੀਦ ਭਗਤ ਸਿੰਘ ਜੀ ਦੀ ਸਮਾਧ ਤੇ ਬਨੀ ਕਮੇਟੀ ਵਿਚ 2 ਮੈਂਬਰ ਨਿਯੁਕਤ ਕੀਤੇ ਜਾਣ। ਉਨ੍ਹਾਂ ਕਿਹਾ ਕਿ ਫੋਟੋ ਫਰੀਡਮ ਫਾਈਟਰ ਲਗਾਉਣ ਵਾਸਤੇ ਗੈਲਰੀ ਦਿੱਤੀ ਜਾਵੇ, ਦੇਸ਼ ਭਗਤਾਂ ਦੀ ਮੀਟਿੰਗ ਲਈ 2 ਸ਼ਨੀਵਾਰ ਹਰ ਮਹੀਨੇ ਮੀਟਿੰਗ ਹਾਲ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਦੇਸ਼ ਭਗਤਾਂ ਦੇ ਨਾਮ ਤੇ ਸਮਾਰਕ ਪੱਥਰ ਉਨ੍ਹਾਂ ਦੇ ਪਿੰਡ, ਸਕੂਲ, ਕਾਲਜ ਵਿਚ ਲਗਾਏ ਜਾਣ। ਇਸ ਮੌਕੇ ਜੀ.ਏ ਟੂ ਡੀ.ਸੀ ਮੈਡਮ ਲਿੰਧੀਆ ਆਈ.ਏ.ਐਸ ਨੇ ਵਿਸਵਾਸ਼ ਦਿਵਾਇਆ ਕਿ ਦੇਸ਼ ਭਗਤ ਪਰਿਵਾਰਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਿਕਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਹਰੇਕ ਮਹਿਕਮੇ ਨੂੰ ਸਖਤੀ ਨਾਲ ਨੋਟਿਸ ਕੀਤਾ ਜਾਵੇਗਾ। ਇਸ ਮੌਕੇ ਦਰਸ਼ਨ ਸਿੰਘ ਸੋਢੇਵਾਲਾ ਮੀਤ ਪ੍ਰਧਾਨ ਪੰਜਾਬ, ਰਾਮ ਸਿੰਘ ਮਿੱਡਾ ਜ਼ੋਨ ਇੰਚਾਰਜ, ਪ੍ਰਵੀਨ ਕੁਮਾਰ ਜਿੰਦਲ ਪ੍ਰਧਾਨ ਫ਼ਿਰੋਜ਼ਪੁਰ, ਇਕਬਾਲ ਸਿੰਘ ਸੰਧੂ ਸੀਨੀਅਰ ਮੀਤ ਪ੍ਰਧਾਨ ਫ਼ਿਰੋਜ਼ਪੁਰ, ਸਤਨਾਮ ਸਿੰਘ ਲਹਿਰਾ ਮੁੱਖ ਸਕੱਤਰ ਫ਼ਿਰੋਜ਼ਪੁਰ, ਬਲਕਰਨ ਸਿੰਘ ਚੁੱਘਾ, ਬਗੀਚਾ ਸਿੰਘ ਮੀਤ ਪ੍ਰਧਾਨ ਜ਼ੀਰਾ, ਹਰੀ ਸਿੰਘ ਰੱਤਾ ਖੇੜਾ, ਸੁਖਦੇਵ ਸਿੰਘ ਸੰਧੂ ਆਦਿ ਅਹੁਦੇਦਾਰ ਅਤੇ ਪਰਿਵਾਰਕ ਮੈਂਬਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਫਾਈ ਕਰਮਚਾਰੀ ਦੀ ਮੌਤ 'ਤੇ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਤੁਰੰਤ ਹਰਕਤ 'ਚ

# ਮੁੱਖ ਸਕੱਤਰ, ਡੀ.ਜੀ.ਪੀ ਡਿਪਟੀ ਕਮਿਸ਼ਨਰ ਅਤੇ ਐਸ.ਐਸ.ਪੀ. ਨੂੰ ਨੋਟਿਸ : ਸ੍ਰ ਗਿੱਲ



**ਜੰਡਿਆਲਾ ਗੁਰੂ, 11 ਮਾਰਚ ( ਕੁਲਵੰਤ ਸਿੰਘ ਵਿਰਦੀ )**-ਸ੍ਰੀ ਮੁਕਤਸਰ ਵਿਖੇ ਇੱਕ ਸਫਾਈ ਕਰਮਚਾਰੀ ਦੀ ਮੌਤ 'ਤੇ ਤੁਰੰਤ ਕਾਰਵਾਈ ਕਰਦਿਆਂ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਵੱਲੋਂ ਪੰਜਾਬ ਦੇ ਮੁੱਖ ਸਕੱਤਰ, ਡੀ.ਜੀ.ਪੀ. ਪੰਜਾਬ, ਪ੍ਰਿੰਸੀਪਲ ਸਕੱਤਰ ਸਮਾਜਿਕ ਭਲਾਈ, ਜਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹੇ ਦੇ ਐਸ.ਐਸ.ਪੀ ਨੂੰ ਪੱਤਰ ਲਿਖ ਕੇ ਤੁਰੰਤ ਕਾਰਵਾਈ ਕਰਨ ਦੀ ਹਦਾਇਤ ਦਿੰਦਿਆਂ ਰਿਪੋਰਟ ਭੇਜਣ ਲਈ ਆਖਿਆ। ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਉਪ ਚੇਅਰਮੈਨ ਹਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਇਸ ਘਟਨਾ ਦੇ ਸੰਬੰਧ ਵਿੱਚ ਸੂ-ਮੋਟੋ ਨੋਟਿਸ ਜਾਰੀ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅੱਜ 11 ਮਾਰਚ ਨੂੰ ਕਮਿਸ਼ਨ ਨੂੰ ਨਵੀਂ ਦਿੱਲੀ ਵਿਖੇ ਪਹੁੰਚੀ ਸ਼ਿਕਾਇਤ ਵਿੱਚ ਦੱਸਿਆ ਕਿ ਇੱਕ ਮਜ਼ਦੂਰ ਲਗਭਗ 10 ਫੁੱਟ ਗਹਿਰੇ ਸੀਵਰੇਜ ਮੇਨਹੋਲ ਵਿੱਚ ਲਾਪਤਾ ਹੋ ਗਿਆ। ਜਾਣਕਾਰੀ ਮੁਤਾਬਕ ਬੀਤੀ ਰਾਤ ਕਰੀਬ 9 ਵਜੇ ਮਜ਼ਦੂਰ ਨੂੰ ਮੇਨਹੋਲ ਵਿੱਚ ਉਤਾਰਿਆ ਗਿਆ ਸੀ ਪਰ ਉਹ ਮੁੜ ਬਾਹਰ ਨਹੀਂ ਆ ਸਕਿਆ। ਸ਼ਿਕਾਇਤ ਵਿੱਚ ਦੱਸਿਆ ਕਿ ਰਾਤ ਕਰੀਬ 9 ਵਜੇ ਸੁਪਰਵਾਈਜ਼ਰ ਅਤੇ ਜੇ.ਈ. ਉਨ੍ਹਾਂ ਕੋਲ ਆਏ ਅਤੇ 21 ਸਾਲਾ ਮਿਰਤਕ ਮਜ਼ਦੂਰ ਨੂੰ ਆਪਣੇ ਨਾਲ ਇਕੱਲੇ ਲੈ ਗਏ। ਜਦੋਂ ਉਨ੍ਹਾਂ ਨੇ ਪੁੱਛਿਆ ਤਾਂ ਕਿਹਾ ਗਿਆ ਕਿ ਮੇਨਹੋਲ ਦੀ ਸਫਾਈ ਕਰਵਾਉਣੀ ਹੈ ਅਤੇ ਥੋੜ੍ਹੀ ਦੇਰ ਵਿੱਚ ਵਾਪਸ ਆ ਜਾਵਾਂਗੇ। ਉਹ ਉਸਨੂੰ ਮਾਰਕੀਟ ਕਮੇਟੀ ਦੇ ਦਫ਼ਤਰ ਦੇ ਪਿੱਛੇ ਵਾਲੇ ਮੈਨਹੋਲ ਕੋਲ ਲੈ ਗਏ। ਸ਼ਿਕਾਇਤ ਵਿੱਚ ਇਹ ਵੀ ਦੱਸਿਆ ਕਿ ਇਸ ਕੰਮ ਦਾ ਕੋਈ ਟੈਂਡਰ ਵੀ ਉਨ੍ਹਾਂ ਕੋਲ ਨਹੀਂ ਸੀ, ਫਿਰ ਵੀ ਮਜ਼ਦੂਰ ਨੂੰ ਮੇਨਹੋਲ ਵਿੱਚ ਉਤਾਰ ਦਿੱਤਾ ਗਿਆ। ਕਮਿਸ਼ਨ ਵੱਲੋਂ ਜਾਰੀ ਪੱਤਰ ਵਿੱਚ ਕਾਨੂੰਨ ਦਾ ਹਵਾਲਾ ਦਿੰਦਿਆਂ ਲਿਖਿਆ ਗਿਆ ਕਿਸੇ ਵੀ ਵਿਅਕਤੀ ਨੂੰ ਸੀਵਰੇਜ, ਸੈਪਟਿਕ ਟੈਂਕ ਜਾਂ ਮੈਨਹੋਲ ਵਿੱਚ ਬਿਨਾਂ ਮਸ਼ੀਨਰੀ ਅਤੇ ਪੂਰੀ ਸੁਰੱਖਿਆ ਦੇ ਉਤਾਰਨਾ ਗੈਰ ਕਾਨੂੰਨੀ ਹੈ। ਇਸ ਕਾਨੂੰਨ ਦਾ ਮਕਸਦ ਮੈਨੂਅਲ ਸਕੈਵੇਂਜਿੰਗ (ਹੱਥੋਂ ਗੰਦ ਸਾਫ ਕਰਨਾ) ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੈ। ਮਾਨਯੋਗ ਹਾਈ ਕੋਰਟ / ਸੁਪਰੀਮ ਕੋਰਟ ਦੇ ਹੁਕਮਾਂ ਤਹਿਤ 2014 ਦੇ ਇਕ ਫੈਸਲੇ ਵਿੱਚ ਸਪਸ਼ੱਟ ਕਿਹਾ ਸੀ ਕਿ ਸੀਵਰੇਜ ਜਾਂ ਸੈਪਟਿਕ ਟੈਂਕ ਦੀ ਸਫਾਈ ਮਸ਼ੀਨਾਂ ਨਾਲ ਕਰਵਾਈ ਜਾਵੇ। ਜੇ ਕਿਸੇ ਮਜ਼ਦੂਰ ਦੀ ਮੌਤ ਸੀਵਰੇਜ ਵਿੱਚ ਹੁੰਦੀ ਹੈ ਤਾਂ ਉਸਦੇ ਪਰਿਵਾਰ ਨੂੰ ਘੱਟੋ-ਘੱਟ 30 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਪੱਤਰ ਵਿੱਚ ਇਹ ਵੀ ਲਿਖਿਆ ਕਿ ਬਿਨਾਂ ਸੁਰੱਖਿਆ ਅਤੇ ਮਸ਼ੀਨਾਂ ਦੇ ਕਿਸੇ ਮਜ਼ਦੂਰ ਨੂੰ ਮੈਨਹੋਲ ਵਿੱਚ ਉਤਾਰਨਾ ਕਾਨੂੰਨ ਅਤੇ ਅਦਾਲਤੀ ਹੁਕਮਾਂ ਦੀ ਉਲੰਘਣਾ ਹੈ ਅਤੇ ਇਸ' ਤੇ ਫੌਜਦਾਰੀ ਕਾਰਵਾਈ ਹੋ ਸਕਦੀ ਹੈ। ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਕਮਿਸ਼ਨ ਵੱਲੋਂ ਇਸ ਸਬੰਧ ਵਿੱਚ ਤੁਰੰਤ ਐਫ.ਆਈ.ਆਰ ਕਰਨ, ਐਮ.ਐਸ. ਐਕਟ 2013 ਅਤੇ ਜੇਕਰ ਜਰੂਰਤ ਪਵੇ ਤਾਂ ਐਸ.ਸੀ./ਐਸ.ਟੀ ਐਕਟ ਲਗਾਇਆ ਜਾਵੇ ਤੇ ਇਸ ਸਬੰਧ ਵਿੱਚ ਤੁਰੰਤ ਕਮਿਸ਼ਨ ਨੂੰ ਸੂਚਿਤ ਕੀਤਾ ਜਾਵੇ।

ਪੰਜਾਬ ਯੂਨੀਵਰਸਿਟੀ ਵੱਲੋਂ "ਗੱਲ ਪੰਜਾਬ ਦੀ" ਕਾਨਫਰੰਸ ਦਾ ਆਯੋਜਨ

# ਨੌਜਵਾਨਾਂ ਦੀ ਅਗਵਾਈ ਵਿੱਚ ਨਵੀਨਤਾ ਅਤੇ ਸੂਬਾ ਪੱਧਰੀ ਸ਼ਮੂਲੀਅਤ ਦਾ ਸੱਦਾ



ਚੰਡੀਗੜ੍ਹ, 11 ਮਾਰਚ, 2026 - ਪੰਜਾਬ ਯੂਨੀਵਰਸਿਟੀ ਦੇ ਲਾਅ ਆਡੀਟੋਰੀਅਮ ਵਿੱਚ ਅੱਜ "ਗੱਲ ਪੰਜਾਬ ਦੀ" ਓਰੀਐਂਟੇਸ਼ਨ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਹ ਇੱਕ ਇਤਿਹਾਸਕ ਸਮਾਗਮ ਹੈ ਜਿਸਦਾ ਉਦੇਸ਼ ਪੰਜਾਬ ਦੇ ਨੌਜਵਾਨਾਂ ਦੀ ਬੌਧਿਕ ਸ਼ਕਤੀ ਨੂੰ ਲਾਮਬੰਦ ਕਰਨਾ ਹੈ। ਇਹ ਪ੍ਰੋਗਰਾਮ, ਜਿਸ ਵਿੱਚ ਅਕਾਦਮਿਕ ਆਗੂ ਅਤੇ ਸਮਾਜਿਕ ਚਿੰਤਕ ਇਕੱਠੇ ਹੋਏ, ਪੰਜਾਬ ਦੇ ਭਖਦੇ ਸਮਾਜਿਕ-ਆਰਥਿਕ ਮੁੱਦਿਆਂ ਨੂੰ ਹੱਲ ਕਰਨ ਲਈ ਇੱਕ ਸੂਬਾ ਪੱਧਰੀ ਅਕਾਦਮਿਕ ਚੁਣੌਤੀ ਦੀ ਸ਼ੁਰੂਆਤ ਵਜੋਂ ਕੰਮ ਕਰਦਾ ਹੈ। ਸਮਾਗਮ ਦੀ ਸ਼ੁਰੂਆਤ ਪੰਜਾਬ ਯੂਨੀਵਰਸਿਟੀ ਦੇ ਗਾਨ (ਐਂਥਮ) ਨਾਲ ਹੋਈ, ਜਿਸ ਤੋਂ ਬਾਅਦ ਪ੍ਰਭਾਵਸ਼ਾਲੀ ਸੰਬੋਧਨਾਂ ਦੀ ਲੜੀ ਚੱਲੀ:

ਸਰਗਰਮ ਸ਼ਮੂਲੀਅਤ ਦਾ ਸੱਦਾ: ਪੰਜਾਬ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਅਤੇ ਮੁੱਖ ਸਰਪ੍ਰਸਤ ਪ੍ਰੋ. ਰੇਣੂ ਵਿੱਗ ਨੇ ਕਾਨਫਰੰਸ ਦੀ ਸ਼ੁਰੂਆਤ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਨੌਜਵਾਨਾਂ ਨੂੰ ਸੂਬੇ ਦੇ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਨਾ ਚਾਹੀਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਕਾਲਜ ਪੱਧਰ 'ਤੇ ਡੂੰਘਾਈ ਨਾਲ ਜੁੜਨ ਅਤੇ ਆਪਣੇ ਅਕਾਦਮਿਕ ਗਿਆਨ ਨੂੰ ਸਮਾਜ ਲਈ ਠੋਸ ਹੱਲਾਂ ਵਿੱਚ ਬਦਲਣ।

ਨੌਜਵਾਨਾਂ ਨੂੰ ਲਾਮਬੰਦ ਕਰਨਾ: ਪ੍ਰਮੁੱਖ ਸਮਾਜਿਕ ਆਗੂ ਕਰਨੈਲ ਸਿੰਘ ਪੀਰ ਮੁਹੰਮਦ ਨੇ ਵਿਦਿਆਰਥੀਆਂ ਨੂੰ ਆਪਣੀ ਸਮਰੱਥਾ ਪ੍ਰਤੀ "ਜਾਗਣ" ਦੀ ਜ਼ੋਰਦਾਰ ਅਪੀਲ ਕੀਤੀ। ਉਨ੍ਹਾਂ ਕਿਹਾ ਕਿ "ਗੱਲ ਪੰਜਾਬ ਦੀ" ਮੁਹਿੰਮ ਨੌਜਵਾਨ ਪੀੜ੍ਹੀ ਲਈ ਪੰਜਾਬ ਦੇ ਭਵਿੱਖ ਦੀ ਵਾਗਡੋਰ ਸੰਭਾਲਣ ਦਾ ਇੱਕ ਸੁਨਹਿਰੀ ਮੰਚ ਹੈ।

ਲਚਕੀਲਾਪਣ ਅਤੇ ਤਜਰਬਾ: ਮਿਸਲ ਸਤਲੁਜ ਦੇ ਸੰਸਥਾਪਕ ਅਜੈਪਾਲ ਸਿੰਘ ਬਰਾੜ ਨੇ ਯੂਨੀਵਰਸਿਟੀ ਬਿਜ਼ਨਸ ਸਕੂਲ , ਪੀ.ਯੂ. ਵਿੱਚ ਆਪਣੇ ਐਮ.ਬੀ.ਏ. ਦੇ ਦਿਨਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਵੀ ਕਈ ਸੰਕਟਾਂ ਦਾ ਸਾਹਮਣਾ ਕੀਤਾ ਹੈ, ਪਰ ਸੂਬੇ ਨੇ ਹਮੇਸ਼ਾ ਰਾਹ ਲੱਭਿਆ ਹੈ। ਉਨ੍ਹਾਂ ਭਰੋਸਾ ਜਤਾਇਆ, "ਅਸੀਂ ਉਦੋਂ ਵੀ ਹੱਲ ਕੱਢਿਆ ਸੀ, ਅਤੇ ਹੁਣ ਵੀ ਕੱਢਾਂਗੇ," ਅਤੇ ਸੂਬੇ ਦੇ ਮੁੜ ਨਿਰਮਾਣ ਲਈ ਡਾਟਾ-ਅਧਾਰਿਤ ਪਹੁੰਚ ਅਪਣਾਉਣ ਲਈ ਉਤਸ਼ਾਹਿਤ ਕੀਤਾ। ਸਟਾਰਟਅੱਪ ਈਕੋਸਿਸਟਮ: ਡੀਨ ਕਾਲਜ ਵਿਕਾਸ ਕੌਂਸਲ ਪ੍ਰੋ. ਰਵੀ ਇੰਦਰ ਸਿੰਘ ਨੇ ਪੰਜਾਬ ਦੇ ਮੌਜੂਦਾ ਹਾਲਾਤ ਦਾ ਵਿਸਥਾਰਪੂਰਵਕ ਵਿਸ਼ਲੇਸ਼ਣ ਪੇਸ਼ ਕੀਤਾ। ਉਨ੍ਹਾਂ ਨੇ ਸਫਲ ਸਟਾਰਟਅੱਪ ਉਦਾਹਰਣਾਂ ਦਾ ਹਵਾਲਾ ਦਿੰਦੇ ਹੋਏ ਵਿਦਿਆਰਥੀਆਂ ਨੂੰ ਖੇਤਰੀ ਵਿਕਾਸ ਲਈ ਉੱਦਮਤਾ ਵੱਲ ਵੇਖਣ ਦੀ ਅਪੀਲ ਕੀਤੀ।

ਤਕਨੀਕੀ ਜਾਣਕਾਰੀ ਅਤੇ ਰੂਪ ਰੇਖਾ: ਮੁੱਖ ਭਾਸ਼ਣਾਂ ਤੋਂ ਬਾਅਦ, ਇਸ ਮੁਹਿੰਮ ਦੇ ਤਕਨੀਕੀ ਢਾਂਚੇ ਬਾਰੇ ਜਾਣਕਾਰੀ ਦਿੱਤੀ ਗਈ: ਕੋਆਰਡੀਨੇਟਰ ਡਾ. ਰੋਹਿਤ ਕੁਮਾਰ ਸ਼ਰਮਾ ਨੇ ਸਰੋਤਿਆਂ ਨੂੰ "ਗੱਲ ਪੰਜਾਬ ਦੀ" ਦੇ ਮੁੱਖ ਫਲਸਫੇ ਬਾਰੇ ਜਾਣੂ ਕਰਵਾਇਆ। ਈ.ਆਰ.ਡੀ.ਸੀ. ਦੇ ਨੈਸ਼ਨਲ ਹੈੱਡ ਚੇਤਨ ਸਹੋਰੇ ਨੇ ਇਸ ਲਹਿਰ ਦੇ ਪਿੱਛੇ ਦੇ "ਕਿਉਂ" ਬਾਰੇ ਵਿਸਥਾਰਪੂਰਵਕ ਪੇਸ਼ਕਾਰੀ ਦਿੱਤੀ ਅਤੇ ਪੇਂਡੂ ਨਵੀਨਤਾ ਨੂੰ ਰਾਸ਼ਟਰੀ ਅਕਾਦਮਿਕ ਮਿਆਰਾਂ ਨਾਲ ਜੋੜਿਆ। ਪ੍ਰੋ. ਅਨਿਲ ਕੇ. ਅੰਗਰੀਸ਼ ਨੇ ਕਾਰਜਕਾਰੀ ਰਣਨੀਤੀ ਬਾਰੇ ਦੱਸਿਆ ਕਿ ਇਹ ਚੁਣੌਤੀ ਸਬੰਧਤ ਕਾਲਜਾਂ ਵਿੱਚ ਕਿਵੇਂ ਲਾਗੂ ਕੀਤੀ ਜਾਵੇਗੀ।

ਸਮਾਗਮ ਦੀਆਂ ਮੁੱਖ ਝਲਕੀਆਂ: ਪ੍ਰੋਗਰਾਮ ਵਿੱਚ ਇੱਕ ਨੈੱਟਵਰਕਿੰਗ ਲੰਚ ਵੀ ਸ਼ਾਮਲ ਸੀ, ਜਿਸ ਨੇ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਬੁਲਾਰਿਆਂ ਨਾਲ ਸਿੱਧੀ ਗੱਲਬਾਤ ਕਰਨ ਦਾ ਮੌਕਾ ਦਿੱਤਾ। ਇੱਕ ਰਸਮੀ ਸਮਾਗਮ ਦੌਰਾਨ, ਯੂਨੀਵਰਸਿਟੀ ਪ੍ਰਸ਼ਾਸਨ ਨੇ ਸਾਰੇ ਮਹਿਮਾਨ ਬੁਲਾਰਿਆਂ ਨੂੰ ਫੁੱਲਾਂ ਦੇ ਗੁਲਦਸਤੇ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਕਾਨਫਰੰਸ ਦਾ ਅੰਤ ਇਸ ਨਾਅਰੇ ਨਾਲ ਹੋਇਆ: "ਪੰਜਾਬ ਦਾ ਸਵਾਲ - ਤੁਹਾਡਾ ਜਵਾਬ।"

# ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਵਿਖੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ



ਚੋਹਲਾ ਸਾਹਿਬ, 11 ਮਾਰਚ (ਆਵਾਜ਼ਿ ਕੌਮ ਬਿਊਰੋ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਅਰਜਨ ਦੇਵ ਖਾਲਸਾ ਕਾਲਜ ਚੋਹਲਾ ਸਾਹਿਬ ਵਿਖੇ ਪ੍ਰਿੰਸੀਪਲ ਡਾ: ਹਰਮਨਦੀਪ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਕਾਲਜ ਵਿੱਚ ਬਜਟ 2026 ਵਿਸ਼ੇ ਤੇ ਇੱਕ ਮਹੱਤਵਪੂਰਨ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ ਨੂੰ ਕੇਂਦਰੀ ਬਜਟ 2026 ਦੀਆਂ ਮੁੱਖ ਘੋਸ਼ਣਾਵਾਂ, ਆਰਥਿਕ ਨੀਤੀਆਂ ਅਤੇ ਉਹਨਾਂ ਦੇ ਸਿੱਖਿਆ ਰੋਜ਼ਗਾਰ ਅਤੇ ਉਦਯੋਗ ਤੇ ਪੈਣ ਵਾਲੇ ਪ੍ਰਭਾਵ ਬਾਰੇ ਜਾਣੂ ਕਰਵਾਉਣਾ ਸੀ। ਇਹ ਸੈਮੀਨਾਰ ਕਾਲਜ ਦੇ ਕਾਮਰਸ ਅਤੇ ਇਕਨਾਮਿਕਸ ਵਿਭਾਗ ਵੱਲੋਂ ਕਰਵਾਇਆ ਗਿਆ ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੂੰ ਬਜਟ ਦੀ ਮਹੱਤਤਾ ਬਾਰੇ ਕਾਲਜ ਦੇ ਪ੍ਰੋਫੈਸਰ ਸਹਿਬਾਨ ਵੱਲੋਂ ਜਾਣੂ ਕਰਵਾਇਆ ਗਿਆ। ਇਸ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਦੁਆਰਾ ਬਜਟ ਸਬੰਧੀ ਲੈਕਚਰ ਦਿੱਤੇ ਗਏ ਅਤੇ ਵਾਦ ਵਿਵਾਦ ਦੇ ਰੂਪ ਵਿੱਚ ਯੂਨੀਅਨ ਬਜਟ 2026 ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਪੋਸਟਰ ਬਣਾ ਕੇ ਬਜਟ ਦੇ ਸੰਕਲਪ ਨੂੰ ਪੇਸ਼ ਕੀਤਾ। ਸੈਮੀਨਾਰ ਦੌਰਾਨ ਪ੍ਰੋ ਪਰਮਜੀਤ ਕੌਰ ਨੇ ਬਜਟ ਦੇ ਮੁੱਖ ਬਿੰਦੂਆਂ ਉੱਤੇ ਵਿਸਥਾਰ ਨਾਲ ਚਰਚਾ ਕੀਤੀ। ਉਹਨਾਂ ਨੇ ਟੈਕਸ ਨੀਤੀਆਂ, ਨਵੀਆਂ ਯੋਜਨਾਵਾਂ ਅਤੇ ਨੌਜਵਾਨਾਂ ਲਈ ਉਪਲਬਧ ਮੌਕਿਆਂ ਬਾਰੇ ਵੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਵੀ ਚਰਚਾ ਵਿੱਚ ਭਾਗ ਲੈਂਦੇ ਹੋਏ ਆਪਣੇ ਪ੍ਰਸ਼ਨ ਪੁੱਛੇ ਅਤੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਕਾਲਜ ਦੇ ਪ੍ਰੋ. ਹਿੰਮਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਤਰ੍ਹਾਂ ਦੇ ਸੈਮੀਨਾਰ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਦੇ ਹਨ ਅਤੇ ਉਹਨਾਂ ਨੂੰ ਦੇਸ਼ ਦੀ ਆਰਥਿਕ ਪ੍ਰਣਾਲੀ ਬਾਰੇ ਸਮਝ ਵਿਕਸਿਤ ਕਰਨ ਵਿੱਚ ਮਦਦ ਕਰਦੇ ਹਨ। ਉਹਨਾਂ ਨੇ ਆਯੋਜਕਾਂ ਨੂੰ ਵੀ ਉਪਰਾਲੇ ਲਈ ਵਧਾਈ ਦਿੱਤੀ। ਅੰਤ ਵਿੱਚ ਜਿੰਨਾ ਵਿਦਿਆਰਥੀਆਂ ਨੇ ਇਸ ਵਿੱਚ ਹਿੱਸਾ ਲਿਆ ਉਹਨਾਂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕਰਕੇ ਉਤਸ਼ਾਹਿਤ ਕੀਤਾ ਗਿਆ ਤਾਂ ਜੋ ਭਵਿੱਖ ਵਿੱਚ ਵੀ ਉਹ ਇਹੋ ਜਿਹੇ ਸੈਮੀਨਾਰ ਵਿੱਚ ਵੱਧ ਚੜ ਕੇ ਹਿੱਸਾ ਲੈਂਦੇ ਰਹਿਣ। ਇਸ ਮੌਕੇ ਕਾਮਰਸ ਅਤੇ ਇਕਨਾਮਿਕਸ ਵਿਭਾਗ ਦਾ ਸਮੂਹ ਟੀਚਿੰਗ ਸਟਾਫ਼ ਹਾਜ਼ਰ ਸਨ।

# ਕਿਸਾਨ ਆਗੂਆਂ ਨੇ ਪੰਜਾਬ ਵਿੱਚ ਹੋ ਰਹੇ ਫੇਕ ਇਨਕਾਊਂਟਰਾਂ ਤੇ ਐਸ ਐਸ ਪੀ ਨੂੰ ਦਿੱਤਾ ਆਪਣਾ ਮੰਗ ਪੱਤਰ



ਸਰਾਏ ਅਮਾਨਤ ਖਾਂ, 11 ਮਾਰਚ (ਆਵਾਜ਼ਿ ਕੌਮ ਬਿਊਰੋ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਿਲ੍ਹਾ ਤਾਰਨ ਦੇ ਐਸ ਐਸ ਪੀ ਦਫਤਰ ਅੱਗੇ ਸੂਬਾ ਆਗੂ ਹਰਜਿੰਦਰ ਸਿੰਘ ਸ਼ਕਰੀ ਜਿਲਾ ਤਰਨ ਤਾਰਨ ਦੇ ਜਿਲਾ ਪ੍ਰਧਾਨ ਸਤਨਾਮ ਸਿੰਘ ਮਾਨੋਚਾਹਲ ਦੀ ਅਗਵਾਈ ਹੇਠ ਮੰਗ ਪੱਤਰ ਜਿਸ ਵਿੱਚ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਪੰਜਾਬ ਵਿੱਚ ਹੋ ਰਹੇ ਫੇਕ ਐਨਕਾਊਂਟਰ ਦੇ ਬਾਰੇ ਦੱਸਿਆ ਗਿਆ ਦੇਣ ਪਹੁੰਚੇ। ਕਿਸਾਨ ਆਗੂਆਂ ਇਹ ਮੰਗ ਰੱਖੀ ਕਿ ਜੋ ਨਸ਼ਾ ਵੇਚਣ ਦਾ ਕਾਰੋਬਾਰ ਕਰਦੇ ਹਨ ਉਹ ਖੁੱਲੇ ਤੌਰ ਤੇ ਵੇਚ ਰਹੇ ਹਨ ਅਤੇ ਗੈਂਗਸਟਰਾਂ ਤੇ ਵੀ ਬਣਦੀ ਕਾਰਵਾਈ ਨਹੀਂ ਕੀਤੀ ਜਾ ਰਹੀ ਜੋ ਗੈਂਗਸਟਰ ਕਿਸੇ ਦਾ ਕਤਲ ਕਰਦੇ ਹਨ ਉਹਨਾਂ ਦੀ ਭਰਭਾਈ ਹੇਠ ਨਜਾਇਜ਼ ਨੌਜਵਾਨ ਬੱਚਿਆਂ ਦਾ ਫੇਕ ਅਨੁਕੁਆਟਰ ਵਿਖਾ ਕੇ ਮਾਰ ਦਿੱਤਾ ਜਾਂਦਾ ਹੈ ਕਿਸਾਨ ਆਗੂਆਂ ਨੇ ਕਿਹਾ ਕਿ ਇਸ ਨੂੰ ਜਲਦੀ ਤੋਂ ਜਲਦੀ ਬੰਦ ਕੀਤਾ ਜਾਵੇ ਨਹੀਂ ਤਾਂ ਅਸੀਂ ਇਸ ਸਬੰਧੀ ਇਕ ਵੱਡਾ ਐਕਸ਼ਨ ਲੈਣ ਦੀ ਤਿਆਰੀ ਕਰ ਰਹੇ ਹਾਂ ਇਹ ਮੰਗ ਪੱਤਰ ਲੈਣ ਲਈ ਐਸ ਐਸ ਪੀ ਦਫਤਰ ਤੋ ਐਸ ਪੀ ਤਰਨ ਤਾਰਨ ਮੰਗ ਮੰਗ ਪੱਤਰ ਲੈਣ ਲਈ ਕਿਸਾਨ ਆਗੂਆਂ ਕੋਲ ਪਹੁੰਚੇ ਤੇ ਉਹਨਾਂ ਆਪਣਾ ਮੰਗ ਪੱਤਰ ਲਿਆ ਅਤੇ ਵਿਸ਼ਵਾਸ ਦਵਾਇਆ ਕਿ ਇਹ ਤੁਹਾਡਾ ਮੰਗ ਪੱਤਰ ਐਸਐਸਪੀ ਜਰੀਏ ਉੱਪਰ ਪੰਜਾਬ ਸਰਕਾਰ ਨੂੰ ਭੇਜਿਆ ਜਾਵੇਗਾ ਇਸ ਧਰਨੇ ਮੁਜਾਰੇ ਵਿੱਚ ਜਰਨੈਲ ਸਿੰਘ ਨੂਰਦੀ ਬਲਜੀਤ ਸਿੰਘ ਝਬਾਲ ਪਰਮਜੀਤ ਸਿੰਘ ਛੀਨਾ ਬਲਵਿੰਦਰ ਭੁਚਰ ਗਿਆਨ ਸਿੰਘ ਚੋਹਲਾ ਜਸਵੀਰ ਸਿੰਘ ਅਮਰੀਕ ਸਿੰਘ ਗੁਰਭੇਜ ਸਿੰਘ ਝਬਾਲ ਬਲਜਿੰਦਰ ਸ਼ੇਰੋ ਸੁਖਵਿੰਦਰ ਦੰਗੋਲਾ ਤਜਿੰਦਰ ਪਾਲ ਰਾਜੂ ਦਿਲਬਾਗ ਸਿੰਘ ਪਹੁਵਿੰਡ ਨਿਸ਼ਾਨ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

# ਥਾਣਾ ਜਮਾਲਪੁਰ ਪੁਲਿਸ ਵੱਲੋਂ 260 ਗ੍ਰਾਮ ਹੈਰੋਇਨ ਸਮੇਤ ਇੱਕ ਨਸ਼ਾ ਤਸਕਰ ਗ੍ਰਿਫਤਾਰ

ਲੁਧਿਆਣਾ, 11 ਮਾਰਚ (ਆਵਾਜ਼ਿ ਕੌਮ ਬਿਊਰੋ)-ਲੁਧਿਆਣਾ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਵੱਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਅਤੇ ਜਸ਼ਿਕਰਨਜੀਤ ਸਿੰਘ ਤੇਜਾ, ਡਿਪਟੀ ਕਮਿਸ਼ਨਰ ਪੁਲਿਸ (ਦਿਹਾਤੀ), ਜਸ਼ਨਦੀਪ ਸਿੰਘ ਗਿੱਲ, ਵਧੀਕ ਡਿਪਟੀ ਕਮਿਸ਼ਨਰ ਪੁਲਿਸ ਜੋਨ-4 ਲੁਧਿਆਣਾ ਅਤੇ ਇੰਦਰਜੀਤ ਸਿੰਘ ਬੋਪਾਰਾਏ, ਸਹਾਇਕ ਕਮਿਸ਼ਨਰ ਪੁਲਿਸ ਇੰਡਸਟਰੀਅਲ ਏਰੀਆ-ਏ ਲੁਧਿਆਣਾ ਜੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਥਾਣਾ ਜਮਾਲਪੁਰ ਪੁਲਿਸ ਨੂੰ ਇੱਕ ਵੱਡੀ ਸਫਲਤਾ ਹਾਸਲ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਥਾਣਾ ਜਮਾਲਪੁਰ ਦੇ ਅਧੀਨ ਆਉਂਦੀ ਚੌਕੀ ਮੁੰਡੀਆਂ ਕਲਾਂ ਦੇ ਇੰਚਾਰਜ ਸ:ਥ: ਪਰਮਜੀਤ ਸਿੰਘ ਨੇ ਆਪਣੀ ਪੁਲਿਸ ਪਾਰਟੀ ਸਮੇਤ ਕਾਰਵਾਈ ਕਰਦਿਆਂ ਇੱਕ ਦੋਸ਼ੀ ਨੂੰ ਕਾਬੂ ਕੀਤਾ। ਕਾਬੂ ਕੀਤੇ ਗਏ ਦੋਸ਼ੀ ਦੀ ਪਹਿਚਾਣ ਰਾਜਾ ਕੁਮਾਰ ਪੁੱਤਰ ਬਟੇਸ਼ਵਰ ਸਿੰਘ ਉਰਫ਼ ਸਾਧੂ ਵਾਸੀ ਮਕਾਨ ਨੰਬਰ 808, ਗਲੀ ਨੰਬਰ 11, ਨਜ਼ਦੀਕ ਸਤਸੰਗ ਆਸ਼ਰਮ, ਰਾਮ ਨਗਰ, ਭਾਮੀਆਂ ਕਲਾਂ, ਥਾਣਾ ਜਮਾਲਪੁਰ, ਲੁਧਿਆਣਾ ਵਜੋਂ ਹੋਈ ਹੈ। ਪੁਲਿਸ ਵੱਲੋਂ ਦੋਸ਼ੀ ਦੀ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ 260 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਇਸ ਸੰਬੰਧੀ ਮੁਕੱਦਮਾ ਨੰਬਰ 58 ਮਿਤੀ 10.03.2026 ਅਧੀਨ ਧਾਰਾ 21C, 61, 85 NDPS ਐਕਟ ਥਾਣਾ ਜਮਾਲਪੁਰ ਲੁਧਿਆਣਾ ਦਰਜ ਕਰਕੇ ਤਫ਼ਤੀਸ਼ ਅਮਲ ਵਿੱਚ ਲਿਆਂਦੀ ਗਈ ਹੈ।